Postal No. - Jallandhar Vide No. L-4/PB/JL-0196/2024-2026
Regd No. 32212/78

# ਲੁਬਾਣਾ ਸੇਵਕ

ਸਤੰਬਰ 2024 ਕੁੱਲ ਪੰਨੇ : 44 ਮਾਸਿਕ ਮੁੱਲ : 25/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਮਨੁੱਖੀ ਸੇਵਾ ਦੇ ਪੁੰਜ ਭਾਈ ਘਨਈਆ ਜੀ ਨੂੰ ਕੋਟਿਨ-ਕੋਟਿ ਪ੍ਰਣਾਮ !



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਮਨੁੱਖੀ ਸੇਵਾ ਦਾ ਪੁੰਜ-ਭਾਈ ਘਨੱਈਆ



ਸੇਵਾ ਦੀ ਇਸ ਮਹਾਨ ਵਿਰਾਸਤ ਵਿਚ ਭਾਈ ਘਨੱਈਆ ਜੀ ਦਾ ਬਹੁਤ ਹੀ ਮਹੱਤਵਪੂਰਨ ਸਥਾਨ ਹੈ। ਭਾਈ ਘਨੱਈਆ ਜੀ ਦਾ ਜਨਮ 1648 ਈਸਵੀ ਵਿਚ ਪਾਕਿਸਤਾਨ ਦੇ ਸਿਆਲਕੋਟ ਜ਼ਿਲ੍ਹੇ ਦੇ ਵਜ਼ੀਰਾਬਾਦ ਲਾਗਲੇ ਝਨਾਅ ਦਰਿਆ ਦੇ ਕੰਢੇ 'ਤੇ ਸਥਿਤ ਸੋਹਦਰਾ ਪਿੰਡ ਦੇ ਧੰਮਨ ਖੱਤਰੀ ਪਰਿਵਾਰ ਵਿਚ ਮਾਤਾ ਸੁੰਦਰੀ ਜੀ ਦੀ ਪਾਵਨ ਕੁੱਖ ਤੋਂ ਹੋਇਆ। ਆਪ ਦੇ ਪਿਤਾ ਭਾਈ ਨੱਥੂ ਰਾਮ ਜੀ ਸ਼ਾਹੀ ਲੋੜ ਪੂਰਤੀ ਸਪਲਾਈ ਦੇ ਠੇਕੇਦਾਰ ਸਨ ਜੋ ਜਨਰਲ ਅਮੀਰ ਸਿੰਘ ਨਾਲ ਸੰਬੰਧਿਤ ਸਨ। ਭਾਈ ਘਨੱਈਆ ਜੀ ਬਚਪਨ ਤੋਂ ਹੀ ਬਹੁਤ ਵੱਡੀ ਸ਼ਖ਼ਸੀਅਤ ਦੇ ਮਾਲਕ ਸਨ। ਇਹ ਕਿਹਾ ਜਾਂਦਾ ਹੈ ਕਿ ਬਚਪਨ ਵਿਚ ਵੀ ਜੋ ਕੁਝ ਉਨ੍ਹਾਂ ਨੂੰ ਖਾਣ-ਪੀਣ ਲਈ ਮਿਲਦਾ ਜਾਂ ਪੈਸੇ-ਟਕੇ ਮਿਲਦੇ ਉਹ ਆਪਣੇ ਸੰਗੀ-ਸਾਥੀਆਂ ਵਿਚ ਵੰਡ ਕੇ ਖਾਂਦੇ ਸਨ। ਉਨ੍ਹਾਂ ਦੀ ਸੋਚ ਉੱਪਰ ਇਹ ਸਿਧਾਂਤ ਭਾਰੂ ਸੀ ਕਿ ਖ਼ੁਸ਼ੀ ਦੇਣ ਵਿਚ ਹੈ, ਲੈਣ ਵਿਚ ਨਹੀਂ। ਉਹ ਤਾਂ ਸਿੱਖ ਅਮਲਾਂ 'ਤੇ ਪਹਿਰਾ ਦਿੰਦੇ ਸਨ।

ਬਾਲ ਅਵਸਥਾ ਵਿਚ ਹੀ ਆਪ ਦੇ ਪਿਤਾ ਜੀ ਦਾ ਦੇਹਾਂਤ ਹੋ ਗਿਆ ਸੀ। ਕੁਝ ਸਮੇਂ ਬਾਅਦ ਆਪ ਦਾ ਮੇਲ ਵਜ਼ੀਰਾਬਾਦ ਵਿਚ ਰਹਿੰਦੇ ਗੁਰੂ ਘਰ ਦੇ ਸ਼ਰਧਾਲੂ ਭਾਈ ਨਨੂੰਆ ਜੀ ਨਾਲ ਹੋਇਆ। ਭਾਈ ਨਨੂੰਆ ਨੇ ਆਨੰਦਪੁਰ ਸਾਹਿਬ ਵਿਖੇ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨ ਕੀਤੇ ਸਨ। ਉਹ ਇਲਾਕੇ ਵਿਚ ਸਿੱਖੀ ਦਾ ਪ੍ਰਚਾਰ ਕਰਦੇ ਸਨ। ਭਾਈ ਨਨੂੰਆ ਜੀ ਪਾਸੋਂ ਹੀ ਆਪ ਨੇ ਗੁਰਬਾਣੀ ਪੜ੍ਹੀ ਅਤੇ ਗੁਰੂ ਇਤਿਹਾਸ ਸੁਣਿਆ। ਭਾਈ ਨਨੂੰਆ ਦੇ ਦੇਹਾਂਤ ਤੋਂ ਆਪ ਆਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨਾਂ ਲਈ ਆਏ। ਆਪ ਨੇ ਗੁਰੂ ਸਾਹਿਬ ਨੂੰ ਮੱਥਾ ਟੇਕਿਆ। ਗੁਰੂ ਸਾਹਿਬ ਨੇ ਪੁੱਛਿਆ, "ਭਾਈ ਤੁਸੀਂ ਕੀ ਚਾਹੁੰਦੇ ਹੋ?" ਭਾਈ ਘਨੱਈਆ ਜੀ ਨੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ, ਮੈਨੂੰ ਸੇਵਾ ਤੇ ਸਿਮਰਨ ਕਰਨ ਦਾ ਬਲ ਬਖ਼ਸ਼ੋ।" ਗੁਰੂ ਜੀ ਨੇ ਮਿਹਰ ਕਰਕੇ ਆਪ ਨੂੰ ਦੋਵਾਂ ਚੀਜ਼ਾਂ ਦੀ ਬਖ਼ਸ਼ਿਸ਼ ਕਰ ਦਿੱਤੀ ਅਤੇ ਆਪ ਉਥੇ ਹੀ ਲੰਗਰ ਵਿਚ ਜਲ ਭਰਨ ਦੀ ਸੇਵਾ ਕਰਨ ਲੱਗੇ। ਕੁਝ ਸਮੇਂ ਬਾਅਦ ਗੁਰੂ ਜੀ ਨੇ ਹੁਕਮ ਕੀਤਾ ਕਿ ਆਪ ਫਰੰਟੀਅਰ ਦੇ ਇਲਾਕੇ ਵਿਚ ਸੇਵਾ ਕਰੋ। ਆਪ ਗੁਰੂ ਜੀ ਦਾ ਹੁਕਮ ਮੰਨ ਕੇ ਚੱਲ ਪਏ ਅਤੇ ਪੰਜਾ ਸਾਹਿਬ ਦੇ ਨੇੜੇ ਪਿੰਡ 'ਕਵੇ' ਵਿਚ ਟਿਕ ਗਏ ਜਿੱਥੇ ਆਪ ਜਲ ਦੀ ਸੇਵਾ ਕਰਦੇ ਰਹੇ।

ਭਾਈ ਘਨੱਈਆ ਨੇ 1675-76 ਈਸਵੀ ਵਿਚ ਪਾਕਿਸਤਾਨ ਦੇ ਮੌਜੂਦਾ ਅਟੌਕ ਜ਼ਿਲ੍ਹੇ ਦੇ ਕ੍ਵਵਾ ਪਿੰਡ ਵਿਚ ਇਕ ਧਰਮਸ਼ਾਲਾ ਸਥਾਪਤ ਕੀਤੀ ਅਤੇ ਉਸ ਨੂੰ ਪ੍ਰਚਾਰ ਕੇਂਦਰ ਬਣਾਇਆ। ਉਨ੍ਹਾਂ ਮੁਸਲਮਾਨਾਂ ਅਤੇ ਹਿੰਦੂਆਂ ਵਿਚ ਇਹ ਪ੍ਰਚਾਰ ਕੀਤਾ ਕਿ ਅਸੀਂ ਸਾਰੇ ਭਰਾ-ਭਰਾ ਹਾਂ ਅਤੇ ਸਾਰੇ ਇਕੋ ਨਿਰੰਕਾਰ ਦੀ ਸੰਤਾਨ ਹਾਂ। ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਨੇ ਭਾਈ ਘਨੱਈਆ ਜੀ ਨੂੰ ਬਹੁਤ ਉਦਾਸ ਕਰ ਦਿੱਤਾ ਕਿਉਂਕਿ ਉਨ੍ਹਾਂ ਨੂੰ ਆਪਣੇ ਸਿਰ ਤੋਂ ਪਿਤਾ ਦਾ ਸਾਇਆ ਉੱਠ ਗਿਆ ਮਹਿਸੂਸ ਹੋਇਆ। ਪਰ ਭਾਈ ਸਾਹਿਬ ਨੇ ਤਾਂ ਆਪਣੇ ਆਪ ਨੂੰ ਗੁਰ ਸੇਵਾ ਦੇ ਲੜ ਲਾਇਆ ਹੋਇਆ ਸੀ ਅਤੇ ਆਪ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਲੀਨ ਹੋ ਗਏ। ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਤੋਂ ਬਾਅਦ ਜਦ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਗੱਦੀ ਪ੍ਰਾਪਤ ਕੀਤੀ ਤਾਂ ਉਨ੍ਹਾਂ ਨੇ ਹਿੰਦੂ ਰਾਜਿਆਂ ਅਤੇ ਮੁਗ਼ਲ ਸੈਨਾਵਾਂ ਖਿਲਾਫ਼ ਲੜਾਈ ਲਈ ਆਪਣੀਆਂ ਫ਼ੌਜਾਂ ਨੂੰ ਤਿਆਰ ਕਰਨਾ ਸ਼ੁਰੂ ਕੀਤਾ। ਗੁਰੂ ਸਾਹਿਬ ਨੇ ਸਾਰੇ ਸਿੱਖਾਂ ਨੂੰ ਹਥਿਆਰ ਪਹਿਨਣ ਦਾ ਸੱਦਾ ਦਿੱਤਾ ਅਤੇ ਲੜਾਈ ਦੇ ਗੁਰ ਸਿੱਖਣ ਦੀ ਪ੍ਰੇਰਨਾ ਦਿੱਤੀ। ਭਾਈ ਘਨੱਈਆ ਨੇ ਵੀ ਗੁਰੂ ਦੇ ਹੁਕਮਾਂ 'ਤੇ ਫੁੱਲ ਚੜ੍ਹਾਉਂਦੇ ਹੋਏ ਤਲਵਾਰ ਧਾਰਨ ਕਰ ਲਈ ਪਰ ਗੁਰੂ ਸਾਹਿਬ ਨੇ ਭਾਈ ਸਾਹਿਬ ਨੂੰ ਮਿਲਟਰੀ ਡਿਊਟੀ ਤੋਂ ਮੁਕਤ ਕਰ ਦਿੱਤਾ ਅਤੇ ਇਹ ਆਦੇਸ਼ ਦਿੱਤਾ ਕਿ ਉਹ ਸਾਹਿਬ ਗੁਰੂ ਤੇਗ ਬਹਾਦਰ ਸਾਹਿਬ ਵਲੋਂ ਉਸ ਨੂੰ ਸੌਂਪੀ ਹੋਈ ਸੇਵਾ ਹੀ ਪੂਰੀ ਕਰਨ।

ਜਦ ਅਨੰਦਪੁਰ ਸਾਹਿਬ ਵਿਚ ਘਮਸਾਨ ਦਾ ਯੁੱਧ ਚੱਲ ਰਿਹਾ ਸੀ ਅਤੇ ਗੁਰੂ ਗੋਬਿੰਦ ਸਿੰਘ ਜੀ ਨਾਲ ਮੁਗ਼ਲ ਸੈਨਾਵਾਂ ਲੜਾਈ ਦੇ ਮੈਦਾਨ ਵਿਚ ਡਟੀਆਂ ਹੋਈਆਂ ਸਨ ਅਤੇ ਦੁਸ਼ਮਣ ਨੇ ਬਾਹਰੋਂ ਅੰਨ-ਪਾਣੀ ਆਉਣ 'ਤੇ ਰੋਕਾਂ ਲਾਈਆਂ ਹੋਈਆਂ ਸਨ, ਭਾਈ ਘਨੱਈਆ ਨੇ ਤਦ ਵੀ ਆਪਣੀ ਸੇਵਾ ਨਾ ਛੱਡੀ। ਭਾਈ ਘਨੱਈਆ ਜੀ ਜ਼ਖ਼ਮੀ ਯੋਧਿਆਂ ਨੂੰ ਲਗਾਤਾਰ ਪਾਣੀ ਦੀ ਸੇਵਾ ਕਰਦੇ ਰਹੇ ਅਤੇ ਉਨ੍ਹਾਂ ਦੀ ਨਿਗਾਹ ਵਿਚ ਇਸ ਗੱਲ ਦਾ ਕੋਈ ਵਿਤਕਰਾ ਨਹੀਂ ਸੀ ਕਿ ਜ਼ਖ਼ਮੀ ਯੋਧਾ ਗੁਰੂ ਸਾਹਿਬ ਦਾ ਸਿਪਾਹੀ ਹੈ ਜਾਂ ਦੁਸ਼ਮਣ ਫ਼ੌਜ ਦਾ। ਉਹ ਤਾਂ ਬੱਸ ਜਿਹੜਾ ਵੀ ਜ਼ਖ਼ਮੀ ਦਿਸਦਾ ਉਸ ਪਾਸ ਪਾਣੀ ਲੈ ਕੇ ਹਾਜ਼ਰ ਹੋ ਜਾਂਦੇ। ਅਜਿਹਾ ਦੇਖ ਕੇ ਕੁਝ ਸਿੰਘਾਂ ਨੇ ਗੁਰੂ ਸਾਹਿਬ ਕੋਲ ਸ਼ਿਕਾਇਤ ਕੀਤੀ ਕਿ ਇਹ ਮਸ਼ਕ ਵਾਲਾ ਭਾਈ ਸਾਡੀ ਜੰਗੀ ਕਾਰਵਾਈ ਵਿਚ ਨਿੱਤ-ਨਿੱਤ ਵਿਘਨ ਪਾ ਰਿਹਾ ਹੈ। ਅਸੀਂ ਜਿਸ ਨੂੰ ਵੀ ਜ਼ਖ਼ਮੀ ਕਰਦੇ ਹਾਂ ਇਹ ਉਸ ਪਾਸ ਪਾਣੀ ਲੈ ਕੇ ਪਹੁੰਚ ਜਾਂਦਾ ਹੈ ਅਤੇ ਦੁਸ਼ਮਣ ਨੂੰ ਮੁੜ ਸਾਡੇ ਬਰਾਬਰ ਲਿਆ ਖੜ੍ਹਾ ਕਰਦਾ ਹੈ। ਸਾਨੂੰ ਤਾਂ ਇਹ ਜਾਪਦਾ ਹੈ ਕਿ ਇਹ ਦੁਸ਼ਮਣਾਂ ਨਾਲ ਰਲਿਆ ਹੋਇਆ ਹੈ। ਇਹ ਤਾਂ ਸਾਡੀ ਕਰੀ-ਕਰਾਈ 'ਤੇ ਪਾਣੀ ਫੇਰ ਰਿਹਾ ਹੈ। ਇਸ ਨੂੰ ਬੁਲਾ ਕੇ ਤਾੜਨਾ ਕੀਤੀ ਜਾਵੇ।

ਗੁਰੂ ਸਾਹਿਬ ਮੁਸਕਰਾਏ ਤੇ ਕਹਿਣ ਲੱਗੇ, "ਤੁਸੀਂ ਅਸ਼ਾਂਤ ਨਾ ਹੋਵੋ, ਅਸੀਂ ਹੁਣੇ ਹੀ ਉਸ ਨੂੰ ਬੁਲਾ ਕੇ ਸਾਰੀ ਗੱਲਬਾਤ ਪੁੱਛ ਲੈਂਦੇ ਹਾਂ।" ਭਾਈ ਘਨ੍ਹੱਈਆ ਨੂੰ ਸੱਦਿਆ ਗਿਆ। ਭਾਈ ਘਨ੍ਹੱਈਆ ਪਾਣੀ ਦੀ ਮਸ਼ਕ ਮੋਢੇ 'ਤੇ ਰੱਖੀ ਸਤਿਨਾਮ ਵਾਹਿਗੁਰੂ ਦਾ ਜਾਪ ਕਰਦਿਆਂ ਆ ਪਹੁੰਚੇ ਅਤੇ ਮੱਥਾ ਟੇਕ ਕੇ ਹੱਥ ਬੰਨ੍ਹ ਕੇ ਪੁੱਛਿਆ, "ਪਾਤਸ਼ਾਹ, ਮੈਨੂੰ ਨਾਚੀਜ਼ ਨੂੰ ਸੱਦਾ ਭੇਜਿਆ ਜੇ।" "ਹਾਂ ਭਾਈ, ਤੁਹਾਡੇ ਵਿਰੁੱਧ ਸ਼ਿਕਾਇਤ ਆਈ ਹੈ, ਤੁਸੀਂ ਜੰਗ ਵਿਚ ਜਿੱਥੇ ਸਿੱਖ ਜ਼ਖ਼ਮੀਆਂ ਨੂੰ ਪਾਣੀ ਪਿਲਾਂਦੇ ਹੋ, ਉਥੇ ਦੁਸ਼ਮਣ ਦੇ ਸੈਨਿਕ ਜ਼ਖ਼ਮੀਆਂ ਨੂੰ ਵੀ ਪਾਣੀ ਪਿਲਾਈ ਜਾਂਦੇ ਹੋ, ਕੋਈ ਫਰਕ ਨਹੀਂ ਕਰਦੇ।" ਗੁਰੂ ਜੀ ਨੇ ਕਿਹਾ।

"ਪਾਤਸ਼ਾਹ, ਮੇਰੇ ਕੋਲੋਂ ਭੁੱਲ ਹੋ ਗਈ ਹੈ ਪਰ ਮੈਨੂੰ ਤਾਂ ਯੁੱਧ ਵਿਚ ਕੋਈ ਦੁਸ਼ਮਣ ਨਜ਼ਰ ਹੀ ਨਹੀਂ ਆਉਂਦਾ। ਮੈਂ ਤਾਂ ਕੇਵਲ ਪਿਆਸਿਆਂ ਤੇ ਜ਼ਖ਼ਮੀਆਂ ਦੇ ਮੂੰਹ ਵਿਚ ਪਾਣੀ ਪਾਇਆ ਹੈ। ਮੈਨੂੰ ਤਾਂ ਹਰ ਜ਼ਖ਼ਮੀ ਦੇ ਮੁੱਖ 'ਚੋਂ ਤੁਹਾਡਾ ਚਿਹਰਾ ਦਿਖਾਈ ਦਿੰਦਾ ਹੈ। ਮੈਂ ਤਾਂ ਹਰ ਪਾਸੇ ਤੁਹਾਨੂੰ ਹੀ ਵੇਖਦਾ ਹਾਂ। ਮੈਨੂੰ ਤਾਂ ਬੇਗ਼ਾਨਾ ਕੋਈ ਦਿਸਦਾ ਹੀ ਨਹੀਂ।" ਭਾਈ ਘਨ੍ਹੱਈਏ ਨੇ ਗੁਰੂ ਸਾਹਿਬ ਨੂੰ ਕਿਹਾ। ਗੁਰੂ ਸਾਹਿਬ ਆਪਣੇ ਆਸਣ ਤੋਂ ਉਠੇ ਤੇ ਭਾਈ ਘਨ੍ਹੱਈਏ ਨੂੰ ਗਲ ਨਾਲ ਲਾ ਲਿਆ, ਭਾਈ ਜੀ ਦਾ ਮੱਥਾ ਚੁੰਮਿਆ ਤੇ ਨਿਹਾਲ ਹੋ ਕੇ ਬੋਲੇ, "ਭਾਈ ਘਨ੍ਹੱਈਆ, ਤੂੰ ਸਿੱਖੀ ਨੂੰ ਠੀਕ ਸਮਝਿਆ ਹੈ, ਤੇਰੀ ਕਮਾਈ ਧੰਨ ਹੈ, ਤੂੰ ਸਭ ਤਾਤ ਵਿਸਾਰ ਦਿੱਤੀ ਹੈ। ਤੂੰ ਵਾਹਿਗੁਰੂ ਦਾ ਅਨਿੰਨ ਭਗਤ ਹੋ ਨਿਬੜਿਆ ਹੈ।" ਗੁਰੂ ਜੀ ਨੇ ਉਸ ਵੇਲੇ ਇਕ ਮੱਲ੍ਹਮ ਦੀ ਡੱਬੀ ਮੰਗਵਾਈ ਤੇ ਭਾਈ ਘਨ੍ਹੱਈਆ ਨੂੰ ਸੌਂਪ ਕੇ ਹੁਕਮ ਕੀਤਾ, "ਜਿੱਥੇ ਤੁਸੀਂ ਜ਼ਖ਼ਮੀਆਂ ਨੂੰ ਪਾਣੀ ਪਿਲਾਉਂਦੇ ਹੋ ਤਾਂ ਉਥੇ ਉਨ੍ਹਾਂ ਦੀ ਜ਼ਖ਼ਮਾਂ ਤੇ ਮੱਲ੍ਹਮ ਵੀ ਲਾ ਦਿਆ ਕਰੋ।"

ਇੰਜ ਇਹ ਦੁਨੀਆਂ ਦੀ ਇਕ ਇਤਿਹਾਸਕ ਘਟਨਾ ਹੈ ਜਿਥੋਂ ਬਿਨ੍ਹਾਂ ਵਿਤਕਰੇ ਦੇ ਮਾਨਵਤਾ ਦੀ ਸੇਵਾ ਆਰੰਭ ਹੋਈ। ਭਾਰਤ ਤੇ ਖ਼ਾਸ ਕਰਕੇ ਪੰਜਾਬ ਵਿਚ ਹੀ ਪਹਿਲੀ ਵਾਰ ਲਗਪਗ 1704 ਈ. ਵਿਚ ਅਜਿਹੀ ਸੰਸਥਾ ਨੇ ਜਨਮ ਲਿਆ ਜਿਸ ਦਾ ਨਾਮ ਪਿੱਛੋਂ ਜਾ ਕੇ 'ਸੇਵਾ ਪੰਥੀ' ਪੈ ਗਿਆ। ਮੌਜੂਦਾ ਰੈਡ ਕਰਾਸ ਸੰਸਥਾ ਦੀ ਸਥਾਪਨਾ ਭਾਵੇਂ 1863 ਈ. ਵਿਚ ਹੋ ਗਈ ਸੀ ਪਰ ਅਸਲ ਅਰਥਾਂ ਵਿਚ ਰੈਡ ਕਰਾਸ ਦੇ ਸੰਸਥਾਪਕ ਭਾਈ ਘਨ੍ਹੱਈਆ ਜੀ ਹੀ ਸਨ। ਗੁਰੂ ਸਾਹਿਬ ਜੀ ਦੀ ਬਖ਼ਸ਼ਿਸ਼ ਸਦਕਾ ਭਾਈ ਘਨ੍ਹੱਈਆ ਜੀ ਮਾਨਵਤਾ ਦੀ ਸੇਵਾ ਦੇ ਪੁੰਜ ਹੋ ਨਿਬੜੇ। ਆਓ ਗੁਰੂ ਸਾਹਿਬ ਅੱਗੇ ਅਰਦਾਸ ਕਰੀਏ ਤਾਂ ਜੋ ਸਾਨੂੰ ਵੀ ਭਾਈ ਘਨ੍ਹੱਈਆ ਜੀ ਵਰਗੀ ਬਖ਼ਸ਼ਿਸ਼ ਹੋ ਜਾਵੇ।

**ਭਗਵਾਨ ਸਿੰਘ ਲੁਬਾਣਾ**

**ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਲੁਬਾਣਾ ਸੇਵਕ


ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ
ਜ਼ਹੂਰਾ





**Chief Editor**
**Er. Bhagwan Singh Lubana**
Dy C.E. (Retd.)
E-mail:bslubana187@gmail.com
M.: 98155-40240

**Editor**
**S. Surinder Singh Ruby**
ETO (Retd.)
E-mail:ruby.surinder57@gmail.com
M.: 98141-28181



## Advisors

1. S. Baldev Singh Munder, Sr. Manager (Regd.)
2. Dr. Prof. Jaswant Singh Begowal
3. Parwinderpal Singh PCS (Retd.)
4. Er. Baljit Singh Bhagtana Dy. C.E. (Retd.)
5. S. Mohinder Singh, DSP (Retd.)
6. S. Surinder Singh Maqsoodpuri



**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਮੋ. 98155-40240
e-mail:lobanafoundation@gmail.com
Websitelink : bmslchd.org, lobanafoundation.org

**FOR ONLINE DEPOSITS OF FUNDS BANK ACCOUNT**
**DETAIL IS AS UNDER:-**
Bank Name :- State Bank of India
A/c No.-35383628122, IFSC Code:- SBIN0001443
Note - On depositing kindly intimate your
name and address to the Foundation.
President - 98155-40240

| | | |
|---|---|---|
| ਦੇਸ | : | 250 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 2500 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥**
**ਮਨਿ ਤਨਿ ਪਿਆਸ ਦਰਸ਼ਨ ਘਣੀ ਕੋਈ ਆਠਿ ਮਿਲਾਵੈ ਮਾਇ॥**

ਹਾੜ ਮਹੀਨੇ ਦੀ ਮੱਸਿਆ, ਸੰਗਰਾਂਦ ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)

**ਪੂਰਨਮਾਸ਼ੀ - 18-09-2024 (ਬੁੱਧਵਾਰ)**
**ਸੰਗਰਾਂਦ - 16-09-2024 (ਸੋਮਵਾਰ)**
**ਮੱਸਿਆ - 02/03-09-2024 (ਸੋਮ, ਮੰਗਲ)**

## ਤਤਕਰਾ


ਜਿਲਦ ਨੰ. 41 | ਅੰਕ - 135 | ਸਤੰਬਰ - 2024



| | | |
|---|---|---|
| 1. | ਗੁਰਦੁਆਰਾ ਸ੍ਰੀ ਕੰਧ ਸਾਹਿਬ ਅਤੇ ਡੇਹਰਾ ਸਾਹਿਬ | 5 |
| 2. | ਅਧਿਆਪਕ ਦਿਵਸ ਦੀ ਮਹੱਤਤਾ | 7 |
| 3. | ਮਨੁੱਖਾ ਜੀਵਨ ਨੂੰ ਸਫਲ ਬਣਾਉਣ ਲਈ ਸਹਿਜ ਮਾਰਗ ਦੀ ਲੋੜ | 9 |
| 4. | ਗੁਰ ਸਾਗਰ ਦੇ ਸੁੱਚੇ ਮੋਤੀ | 10 |
| 5. | ਅਗਸਤ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ | 12 |
| 6. | ਜੀਵਨ ਵਿਕਾਸ – ਇਕ ਸੰਘਰਸ਼ | 14 |
| 7. | ਖੇਡਾਂ, ਪੰਜਾਬ ਅਤੇ ਸਿਆਸਤ | 16 |
| 8. | ਮੈਰਿਜ ਪੈਲੇਸਾਂ ਨੇ ਵਿਆਹਾਂ ਵਿਚੋਂ ਗਾਇਬ ਕੀਤਾ ਸਾਡਾ ਸੱਭਿਆਚਾਰ | 18 |
| 9. | ਪੰਜਾਬ ਦਾ ਪੀਰ ਬਾਬਾ ਵਾਰਿਸ ਸ਼ਾਹ ਅਤੇ ਉਸ ਦੀ 'ਹੀਰ' | 21 |
| 10. | ਰੁੱਖਾਂ ਦੀ ਸੱਭਿਆਚਾਰਕ ਪਛਾਣ | 23 |
| 11. | ਕੁਦਰਤ ਦੀ ਮੰਗ – ਕੁਦਰਤੀ ਖੇਤੀ | 27 |
| 12. | ਕਿੱਥੇ ਗਏ ਉਹ ਦਿਨ | 28 |
| 13. | ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ | 29 |
| 14. | ਆਓ ਜਾਣੀਏ! | 31 |
| 15. | ਨਾਟਕ ਹੀ ਨਾਟਕ | 32 |
| 16. | ਸਿਹਤ ਸੰਭਾਲ | 34 |
| 17. | ਕਾਵਿ–ਕਿਆਰੀ | 36 |
| 18. | ਸਿਰਮੌਰ ਸ਼ਖ਼ਸੀਅਤ ਭਾਈ ਕਾਹਨ ਸਿੰਘ ਨੱਭਾ | 37 |
| 19. | ਭਾਈ ਕਨ੍ਹੈਯਾ ਜੀ | 38 |
| 19. | Matrimonial | 40 |
| 20. | ਦਾਨੀ ਸੱਜਣਾਂ ਦੀ ਸੂਚੀ | 41 |



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by**
**Bhagwan Singh Lubana for Baba Makhan Shah Lobana Foundation (Regd.)**
**Sector 30-A, Chandigarh.**

**Computer Designing - Walia Enterprises, M.: 98153-78692**

# ਗੁਰਦੁਆਰਾ ਸ੍ਰੀ ਕੰਧ ਸਾਹਿਬ ਅਤੇ ਡੇਹਰਾ ਸਾਹਿਬ




**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
**(ਸੇਵਾ ਮੁਕਤ)**
**ਸੰਪਾਦਕ**
**98141-28181**




ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ 20 ਵੈਸਾਖ, ਸੰਮਤ 1526 (1469 ਈ:) ਨੂੰ ਪਿਤਾ ਮਹਿਤਾ ਕਾਲੂ ਜੀ (ਕਲਿਆਣ ਦਾਸ) ਤੇ ਮਾਤਾ ਤ੍ਰਿਪਤਾ ਜੀ ਦੀ ਕੁੱਖੋਂ ਰਾਇ ਭੋਇੰ ਦੀ ਤਲਵੰਡੀ, ਨਨਕਾਣਾ ਸਾਹਿਬ (ਪਾਕਿਸਤਾਨ) ਵਿਖੇ ਹੋਇਆ। ਵਾਹਿਗੁਰੂ ਜੀ ਖੁਦ ਹੀ ਜੋਤ ਰੂਪ ਹੋ ਗੁਰੂ ਨਾਨਕ ਰੂਪ 'ਚ ਪ੍ਰਗਟ ਹੋਏ ਤੇ ਫਿਰ ਇਹ ਜੋਤ ਹੋਰ ਗੁਰੂ ਸਾਹਿਬਾਨ ਤੋਂ ਹੁੰਦੀ ਹੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਸੱਚ ਕੀ ਬਾਣੀ' ਦੇ ਰੂਪ ਵਿਚ ਪ੍ਰਕਾਸ਼ਮਾਨ ਹੋ ਰਹੀ ਹੈ।

ਬਚਪਨ ਤੋਂ ਹੀ ਗੁਰੂ ਨਾਨਕ ਸਾਹਿਬ ਦਾ ਹਿਰਦਾ ਮਨੁੱਖਤਾ ਦੇ ਪਿਆਰ ਨਾਲ ਭਰਪੂਰ ਸੀ। ਉਹ ਮਨੁੱਖਤਾ ਦੀ ਤ੍ਰਾਸਦੀ ਵੇਖ ਕੇ ਬਿਹਬਲ ਹੋ ਉਠਦੇ ਸਨ ਤੇ ਸਮੁੱਚੀ ਕਾਇਨਾਤ ਦੇ ਭਲੇ ਲਈ ਅਕਾਲ ਪੁਰਖ ਕੋਲ ਅਰਦਾਸ, ਅਰਜ਼ੋਈ, ਬੇਨਤੀ ਕਰਦੇ ਸਨ। ਗੁਰੂ ਜੀ ਦੁਨਿਆਵੀ ਚੀਜ਼ਾਂ ਤੋਂ ਦੂਰ ਰਹਿੰਦੇ ਅਤੇ ਅਕਾਲ ਪੁਰਖ ਨਾਲ ਆਪਣੇ ਆਪ ਨੂੰ ਜੋੜੀ ਰੱਖਦੇ। ਇਹ ਦੇਖ ਕੇ ਗੁਰੂ ਜੀ ਦੇ ਮਾਤਾ-ਪਿਤਾ ਜੀ ਪ੍ਰੇਸ਼ਾਨ ਹੁੰਦੇ। ਗੁਰੂ ਸਾਹਿਬ ਜਦੋਂ ਥੋੜ੍ਹੇ ਵੱਡੇ ਹੋਏ ਤਾਂ ਮਾਤਾ-ਪਿਤਾ ਜੀ ਦੇ ਕਹਿਣ 'ਤੇ ਆਪ ਜੀ ਦੀ ਵੱਡੀ ਭੈਣ ਬੇਬੇ ਨਾਨਕੀ ਜੀ ਆਪ ਜੀ ਨੂੰ ਆਪਣੇ ਪਾਸ ਸੁਲਤਾਨਪੁਰ ਲੋਧੀ (ਕਪੂਰਥਲਾ) ਲੈ ਗਏ। ਉਥੇ ਗੁਰੂ ਜੀ ਦੇ ਜੀਜਾ ਜੈ ਰਾਮ ਜੀ ਨੇ ਇਨ੍ਹਾਂ ਨੂੰ ਨਵਾਬ ਦੌਲਤ ਖਾਂ ਦੇ ਮੋਦੀਖਾਨੇ ਵਿਖੇ ਕੰਮ 'ਤੇ ਰਖਵਾ ਦਿੱਤਾ। ਲਗਪਗ 18 ਸਾਲ ਦੀ ਉਮਰ ਵਿਚ ਗੁਰੂ ਜੀ ਦੀ ਮੰਗਣੀ ਬਟਾਲਾ ਸ਼ਹਿਰ ਦੇ ਖੱਤਰੀ ਬਾਬਾ ਮੂਲ ਚੰਦ ਪਟਵਾਰੀ ਤੇ ਮਾਤਾ ਚੰਦੋ ਰਾਣੀ ਦੀ ਸਪੁੱਤਰੀ ਬੀਬੀ ਸੁਲੱਖਣੀ ਨਾਲ ਹੋ ਗਈ। ਆਪ ਸਮੇਤ ਬਰਾਤੀਆਂ, ਜਿਨ੍ਹਾਂ ਵਿਚ ਭਾਈ ਮਰਦਾਨਾ ਜੀ, ਭਾਈ ਬਾਲਾ ਜੀ, ਹਾਕਮ ਰਾਏ ਬੁਲਾਰ ਜੀ ਤੇ ਨਵਾਬ ਦੌਲਤ ਖਾਂ ਆਦਿ ਸੱਜਣਾਂ, ਰਿਸ਼ਤੇਦਾਰਾਂ ਅਤੇ ਪਰਿਵਾਰ ਦੇ ਮੈਂਬਰਾਂ ਨਾਲ ਸਜ-ਧਜ ਕੇ ਸੁਲਤਾਨਪੁਰ ਲੋਧੀ ਤੋਂ ਬਾ-ਰਸਤਾ ਕਪੂਰਥਲਾ, ਸੁਭਾਨਪੁਰ, ਬਾਬਾ ਬਕਾਲਾ ਤੋਂ ਹੁੰਦੇ ਹੋਏ ਬਟਾਲਾ ਵਿਖੇ ਪੁੱਜੇ।

ਗੁਰੂ ਜੀ ਦੀ ਬਰਾਤ ਦਾ ਬਟਾਲਾ ਵਿਖੇ ਪੁੱਜਣ 'ਤੇ ਸ਼ਹਿਰ ਦੇ ਪ੍ਰਮੁੱਖ ਤੌਰ 'ਤੇ ਪਤਵੰਤੇ ਸੱਜਣਾਂ ਅਤੇ ਰਿਸ਼ਤੇਦਾਰਾ ਵਲੋਂ (ਜਿਨ੍ਹਾਂ ਵਿਚ ਪ੍ਰਮੁੱਖ ਤੌਰ 'ਤੇ ਚੌਧਰੀ ਅਜਿੱਤਾ ਰੰਧਾਵਾ ਜੀ ਵੀ ਸ਼ਾਮਿਲ ਸਨ) ਬਰਾਤੀਆਂ ਦਾ ਸਵਾਗਤ ਕੀਤਾ ਗਿਆ। ਗੁਰੂ ਜੀ ਦਾ ਵਿਆਹ

ਸੰਪੂਰਨ ਹੋਣ ਤੋਂ ਬਾਅਦ ਭਾਰੀ ਬਾਰਿਸ਼ ਹੋਣੀ ਸ਼ੁਰੂ ਹੋ ਗਈ। ਬਾਰਿਸ਼ ਕਾਰਨ ਗੁਰੂ ਜੀ ਅਤੇ ਬਰਾਤੀਆਂ ਨੂੰ ਇਕ ਹਵੇਲੀ ਵਿਚ ਠਹਿਰਾਇਆ ਗਿਆ, ਜਿਥੇ ਇਕ ਪੁਰਾਤਨ ਕੱਚੀ ਕੰਧ ਸੀ, ਜਿਸ ਦੇ ਹੇਠਾਂ ਜਗਤ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੁਝ ਸਮਾਂ ਨਿਵਾਸ ਕੀਤਾ। ਉਥੇ ਮੌਜੂਦ ਇਕ ਬਜ਼ੁਰਗ ਮਾਤਾ ਨੇ ਗੁਰੂ ਜੀ ਨੂੰ ਕਿਹਾ ਕਿ ਬੱਚਾ, ਇਹ ਕੰਧ ਕੱਚੀ ਹੈ, ਜੋ ਢਹਿਣ ਹੀ ਵਾਲੀ ਹੈ, ਉੱਠ ਕੇ ਜ਼ਰਾ ਪਰੇ ਹੋ ਜਾ। ਬਜ਼ੁਰਗ ਮਾਤਾ ਦੇ ਇਹ ਬੋਲ ਸੁਣ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ 'ਮਾਤਾ ਭੋਲੀਏ! ਇਹ ਕੰਧ ਜੁਗੋ-ਜੁਗ ਕਾਇਮ ਰਹੇਗੀ ਅਤੇ ਸਾਡੇ ਵਿਆਹ ਦੀ ਯਾਦਗਾਰ ਹੋਵੇਗੀ।' ਅੱਜ ਉਸ ਜਗ੍ਹਾ 'ਤੇ ਗੁਰਦੁਆਰਾ ਸ੍ਰੀ ਕੰਧ ਸਾਹਿਬ ਸੁਭਾਇਮਾਨ ਹੈ ਅਤੇ ਉਹ ਕੱਚੀ ਕੰਧ ਗੁਰਦੁਆਰਾ ਸਾਹਿਬ ਅੰਦਰ ਸ਼ੀਸ਼ੇ ਵਿਚ ਸੁਰੱਖਿਅਤ ਅੱਜ ਵੀ ਮੌਜੂਦ ਹੈ।




ਮਹਾਰਾਜਾ ਸ਼ੇਰ ਸਿੰਘ ਨੇ ਆਪਣੇ ਰਾਜਕਾਲ ਦੌਰਾਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਹੁਰਾ ਘਰ ਅਤੇ ਗੁਰਦੁਆਰਾ ਸ੍ਰੀ ਕੰਧ ਸਾਹਿਬ ਨੂੰ ਪੱਕਾ ਗੁਰੂ ਅਸਥਾਨ ਬਣਾਇਆ। ਲਗਪਗ 3 ਕਨਾਲ ਜਗ੍ਹਾ ਵਿਚ ਬਣੇ ਗੁਰਦੁਆਰਾ ਸ੍ਰੀ ਕੰਧ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਪਾਸ ਹੈ। ਕਮੇਟੀ ਵਲੋਂ ਦੋ ਵਿੱਦਿਅਕ ਅਦਾਰੇ ਸ੍ਰੀ ਗੁਰੂ ਨਾਨਕ ਦੇਵ ਅਕੈਡਮੀ ਅਤੇ ਗੁਰੂ ਨਾਨਕ ਕਾਲਜ ਜਲੰਧਰ ਰੋਡ, ਬਟਾਲਾ ਵਿਖੇ ਚਲਾਏ ਜਾ ਰਹੇ ਹਨ। ਗੁਰਮਤਿ ਸਾਹਿਤ ਸੰਗਤਾਂ ਤੱਕ ਪਹੁੰਚਾਉਣ ਲਈ ਗੁਰਮਤਿ ਸਾਹਿਤ ਘਰ ਵੀ ਖੋਲ੍ਹਿਆ ਗਿਆ ਹੈ। ਇਥੇ ਸ਼ਰਧਾਲੂਆਂ ਦੇ ਰਾਤ ਠਹਿਰਣ ਲਈ 5 ਕਮਰੇ ਹਨ।

**ਗੁਰਦੁਆਰਾ ਸ੍ਰੀ ਡੇਹਰਾ ਸਾਹਿਬ** - ਇੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ 19 ਫੱਗਣ ਸੰਮਤ 1544 (1487 ਈ:) ਵਿਚ ਹੋਇਆ। ਬਰਾਤ ਦਾ ਉਤਾਰਾ ਪਹਿਲਾਂ ਗੁਰਦੁਆਰਾ ਸ੍ਰੀ ਕੰਧ ਸਾਹਿਬ ਦੇ ਅਸਥਾਨ 'ਤੇ ਕੀਤਾ ਅਤੇ ਵਿਆਹ ਗੁਰੂ ਜੀ ਦੇ ਸਹੁਰਾ-ਘਰ, ਜੋ ਗੁਰਦੁਆਰਾ ਸ੍ਰੀ ਡੇਹਰਾ ਸਾਹਿਬ ਦੇ ਅਸਥਾਨ ਨਾਲ ਪ੍ਰਸਿੱਧ ਹੈ, ਵਿਖੇ ਹੋਇਆ। ਇਹ ਸਥਾਨ ਗੁਰਦੁਆਰਾ ਸ੍ਰੀ ਕੰਧ ਸਾਹਿਬ ਤੋਂ ਕਰੀਬ 100 ਮੀਟਰ ਦੀ ਦੂਰੀ 'ਤੇ ਸਥਿਤ ਹੈ। ਜਿਥੇ ਗੁਰਦੁਆਰਾ ਡੇਹਰਾ ਸਾਹਿਬ ਮੌਜੂਦ ਹੈ। ਇਸ ਸਥਾਨ 'ਤੇ ਸ੍ਰੀ ਮੂਲ ਚੰਦ ਦਾ ਘਰ ਸੀ ਤੇ ਇਸ ਘਰ ਵਿਚ ਉਸ ਸਮੇਂ ਦੀ ਖੂਹੀ ਵੀ ਮੌਜੂਦ ਹੈ। ਜਿਸ ਸਥਾਨ 'ਤੇ ਬਰਾਤ ਦਾ ਉਤਾਰਾ ਕੀਤਾ ਗਿਆ, ਇਹ ਹਵੇਲੀ ਭਾਈ ਜਮੀਤ ਰਾਏ ਬੰਸੀ ਦੀ ਸੀ।

**ਗੁਰਦੁਆਰਾ ਕੰਧ ਸਾਹਿਬ** - ਮਿਸਲਾਂ (1750-1790 ਈ:) ਤੱਕ ਸ: ਜੱਸਾ ਸਿੰਘ ਰਾਮਗੜੀਆ, ਸ: ਜੈ ਸਿੰਘ ਤੇ ਸ: ਗੁਰਬਖਸ਼ ਸਿੰਘ ਮਿਸਲ ਕਨ੍ਹੱਈਆ ਨੇ ਰਾਜ ਕੀਤਾ। ਸ: ਗੁਰਬਖਸ਼ ਸਿੰਘ ਦੀ ਰਾਣੀ ਅਤੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਸੱਸ ਸਦਾ ਕੌਰ ਵੀ ਇਸ ਨਗਰ ਦੀ ਹਾਕਮ ਰਹੀ। ਕਨ੍ਹੱਈਆ ਸਰਦਾਰਾਂ ਦੀਆਂ ਸਮਾਧਾਂ ਅੱਜ ਵੀ ਸ਼ਹਿਰ ਵਿਚ ਮਿਲਦੀਆਂ ਹਨ। ਮਹਾਰਾਜਾ ਰਣਜੀਤ ਸਿੰਘ ਦੇ ਸਪੁੱਤਰ ਮਹਾਰਾਜਾ ਸ਼ੇਰ ਸਿੰਘ ਦੀ ਰਿਹਾਇਸ਼ ਵੀ ਇਸ ਨਗਰ ਵਿਚ ਸੀ। ਅੱਜ ਵੀ ਉਨ੍ਹਾਂ ਦੇ ਮਹਿਲ ਦਾ ਕੁਝ ਹਿੱਸਾ ਬੇਰਿੰਗ ਕਾਲਜ ਵਿਚ ਵੇਖਿਆ ਜਾ ਸਕਦਾ ਹੈ।

ਗੁਰੂ ਸਾਹਿਬ ਦੇ ਵਿਆਹ ਪੁਰਬ ਨਾਲ ਸਬੰਧਿਤ ਜੋੜ ਮੇਲਾ ਹਰ ਸਾਲ ਬਟਾਲਾ ਵਿਖੇ ਸਮੂਹ ਸੰਗਤਾਂ ਵਲੋਂ ਬਹੁਤ ਹੀ ਧੂਮਧਾਮ ਤੇ ਸ਼ਰਧਾ ਨਾਲ ਮਨਾਇਆ ਜਾਂਦਾ ਹੈ।

● ● ●

**ਦੁਆਵਾਂ ਰੱਦ ਨਹੀਂ ਹੁੰਦੀਆਂ ਬਸ ਬੇਹਤਰੀਨ ਸਮੇਂ ਤੇ ਕਬੂਲ ਹੁੰਦੀਆਂ ਹਨ।**

# ਅਧਿਆਪਕ ਦਿਵਸ ਦੀ ਮਹੱਤਤਾ




ਅਧਿਆਪਕ ਹੋਣਾ ਆਪਣੇ ਆਪ ਵਿੱਚ ਮਾਣ ਮੱਤੀ ਪ੍ਰਾਪਤੀ ਹੈ। ਇਹ ਸੇਵਾ ਹਰ ਕਿਸੇ ਦੇ ਹਿੱਸੇ ਨਹੀਂ ਆਉਂਦੇ। ਭਾਰਤੀ ਸਮਾਜ ਵਿੱਚ ਅਧਿਆਪਕ ਨੂੰ 'ਗੁਰ ਬਿਨਾ ਗਤਿ ਨਹੀ' ਕਹਿ ਕੇ ਅਧਿਆਤਮਿਕ 'ਗੁਰੂ' ਸਮਾਨ ਦਰਜਾ ਦਿੱਤਾ ਗਿਆ ਹੈ। ਜ਼ਿੰਦਗੀ ਦੇ ਔਖੇ ਤੇ ਹਨ੍ਹੇਰਿਆਂ ਭਰੇ ਕੰਡਿਆਲੇ ਰਸਤੇ ਤੇ ਚਲਦਿਆਂ ਅਨਭੋਲ ਜਿੰਦਾਂ ਨੂੰ ਜਦੋਂ ਤੁਸੀਂ ਹੱਥ ਫੜ ਰਾਹ ਦਸੇਰੇ ਹੋਣ ਦਾ ਅਹਿਸਾਸ ਕਰਵਾਉਂਦੇ ਹੋ ਤਾਂ ਉਹਨਾਂ ਦਾ ਰੋਮ-ਰੋਮ ਖੀਵਾ ਹੋ ਤੁਹਾਨੂੰ ਦੁਆਵਾਂ ਦਿੰਦਾ ਹੈ। ਇੱਕ ਚੰਗਾ ਅਧਿਆਪਕ ਆਪਣੇ ਚੰਗੇ ਮਾੜੇ ਤਜਰਬਿਆਂ ਦੇ ਆਧਾਰ ਤੇ ਵਿਦਿਆਰਥੀਆਂ ਨੂੰ ਹਰ ਹਾਲਤ ਤੋਂ ਪਹਿਲਾਂ ਹੀ ਜਾਣੂੰ ਕਰਵਾ ਚੰਗੇ-ਮਾੜੇ ਪੰਧਾਂ ਦੀ ਪਹਿਚਾਣ ਕਰਵਾਉਣ ਦੇ ਯੋਗ ਬਣਾਉਂਦਾ ਹੈ।


ਵੈਦਿਕ ਸਮੇਂ ਵਿੱਚ ਗੁਰੂ-ਕੁਲ ਵਿੱਚ ਅਧਿਆਪਕ ਦਾ ਰੁਤਬਾ ਬਾਕੀ ਸਭ ਰੁਤਬਿਆਂ ਤੋਂ ਉੱਚਾ ਸੀ। ਵੇਦਾਂ ਵਿੱਚ ਅਧਿਆਪਕ ਨੂੰ ਰੱਬ ਵਰਗਾ ਦਰਜਾ ਪ੍ਰਦਾਨ ਕੀਤਾ ਗਿਆ ਹੈ। ਸਮੇਂ-ਸਮੇਂ ਤੇ ਭਾਰਤੀ ਸਿੱਖਿਆ ਪ੍ਰਣਾਲੀ ਵਿੱਚ ਤਰ੍ਹਾਂ-ਤਰ੍ਹਾਂ ਨਾਲ ਅਧਿਆਪਕ ਦੀ ਮਹੱਤਤਾ ਨੂੰ ਦਰਸਾਇਆ ਗਿਆ ਹੈ। ਰਾਜਿਆਂ ਵੱਲੋਂ ਆਪਣੇ ਧੀਆਂ ਪੁੱਤਾਂ ਨੂੰ ਪੜ੍ਹਾਉਣ ਲਈ ਗੁਰੂ ਦੀ ਅਹਿਮੀਅਤ ਵੀ ਦਰਸਾਈ ਗਈ। ਅੰਗਰੇਜ਼ੀ ਹਕੂਮਤ ਅਧੀਨ ਸਿੱਖਿਆ ਪ੍ਰਣਾਲੀ ਵਿੱਚ ਵੀ ਅਧਿਆਪਕ ਦੀ ਮਹੱਤਤਾ ਨੂੰ ਰੱਜ ਕੇ ਉਜਾਗਰ ਕੀਤਾ ਗਿਆ। ਭਾਰਤੀ ਇਤਿਹਾਸ ਵਿੱਚ ਬਹੁਤ ਹੀ ਮਹਾਨ ਅਧਿਆਪਕ ਸੁਆਮੀ ਵਿਵੇਕਾਨੰਦ, ਅਬੁਲ ਕਲਾਮ ਆਜ਼ਾਦ, ਸਰਵ ਪੱਲੀ ਰਾਧਾ ਕ੍ਰਿਸ਼ਨਨ, ਡਾਕਟਰ ਏ.ਪੀ.ਜੇ. ਅਬਦੁਲ ਕਲਾਮ, ਰਵਿੰਦਰ ਨਾਥ ਟੈਗੋਰ, ਸਵਿਤਰੀ ਬਾਈ ਫੂਲੇ ਅਤੇ ਮੁਨਸ਼ੀ ਪ੍ਰੇਮ ਚੰਦ ਦੀ ਦੇਣ ਨੂੰ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਦਰਜ ਕੀਤਾ ਗਿਆ ਹੈ।


**ਇੰਜੀਨੀਅਰ ਪਰਮਿੰਦਰਜੀਤ ਸਿੰਘ**

**99153-57524**




ਗੱਲ ਕਰੀਏ ਪੁਰਾਣੇ ਸਮਿਆਂ ਦੀ ਤਾਂ ਅਧਿਆਪਕ ਦਾ ਰੁਤਬਾ ਬਹੁਤ ਉੱਚਾ ਸੀ। ਵਿਦਿਆਰਥੀਆਂ ਦੇ ਮਾਪੇ ਉਹਨਾਂ ਨੂੰ ਅਧਿਆਪਕ ਦੇ ਹਵਾਲੇ ਕਰ ਇਹੀ ਕਹਿੰਦੇ ਸਨ ਕਿ 'ਇਹ ਤੁਹਾਡਾ ਬੱਚਾ ਹੈ, ਤੁਸੀਂ ਇਸਦੇ ਦੂਸਰੇ ਮਾਪੇ ਹੋ', ਬਿਲਕੁਲ ਸਹੀ ਗੱਲ ਹੈ ਇਹ। ਅਧਿਆਪਕ ਦੂਜੇ ਮਾਪੇ ਹੀ ਤਾਂ ਹੁੰਦੇ ਹਨ। ਵਿਦਿਆਰਥੀਆਂ ਦੀਆਂ ਭਾਵਨਾਵਾਂ ਨੂੰ ਸਮਝ, ਆਪਣੇ ਤਜਰਬਿਆਂ ਨੂੰ ਲਾਗੂ ਕਰ, ਉਨਾਂ ਦੀ ਪ੍ਰਤਿਭਾ ਨੂੰ ਪਛਾਣ, ਉਹਨਾਂ ਨੂੰ ਡਾਕਟਰ, ਇੰਜੀਨੀਅਰ, ਵਕੀਲ, ਅਫਸਰ ਅਤੇ ਅਧਿਆਪਕ ਬਣਾਉਣਾ ਅਧਿਆਪਕ ਦਾ ਪਹਿਲਾ ਫਰਜ਼ ਹੁੰਦਾ ਹੈ। ਇੱਕ ਅਧਿਆਪਕ ਆਪਣੇ ਫਰਜ਼ ਤੋਂ ਕਦੇ ਨਹੀਂ ਭੱਜਦਾ। ਉਹ ਮੀਹ, ਹਨੇਰੀ, ਧੁੰਦ, ਗਰਮੀ ਤੇ ਸਰਦੀ ਦੀ ਪਰਵਾਹ ਕੀਤੇ ਬਿਨਾਂ ਹਮੇਸ਼ਾ ਆਪਣੇ ਵਿਦਿਆਰਥੀਆਂ ਤੇ ਸੰਸਥਾ ਨੂੰ ਸਮਰਪਿਤ ਹੁੰਦਾ ਹੈ। ਪਰ ਸਮਾਂ ਬੀਤਣ ਨਾਲ ਅਧਿਆਪਕ ਦੇ ਰੁਤਬੇ ਵਿੱਚ ਕਾਫ਼ੀ ਕੁਝ ਬਦਲਾਅ ਦੇਖਣ ਨੂੰ ਮਿਲੇ ਹਨ। ਅਜੋਕੇ ਸਮੇਂ ਵਿਚ ਅਧਿਆਪਕ ਦੀ ਸਥਿਤੀ ਇੱਕ ਅਧਿਐਨ ਮੰਗਦੀ ਹੈ। ਹੌਲੀ-ਹੌਲੀ ਟੈਕਨੋਲੋਜੀ ਦੇ ਵਿਸਤਾਰ ਨੇ ਜਿਉਂ ਹੀ ਸਾਡੇ ਸਮਾਜ ਨੂੰ ਢਾਹ ਲਾਉਣੀ ਸ਼ੁਰੂ ਕੀਤੀ, ਅਧਿਆਪਕ ਦਾ ਮਾਣ ਸਤਿਕਾਰ ਤੇ ਰੁਤਬਾ ਖ਼ਤਰੇ ਵਿੱਚ ਜਾਪ, ਆਪਣੀ ਪਹਿਲਾਂ ਵਾਲੀ ਪ੍ਰਤੀਤ ਗੁਆ ਰਿਹਾ ਹੈ। ਪਹਿਲਾਂ ਵਰਗਾ ਸਤਿਕਾਰ ਅਧਿਆਪਕ ਤੋਂ ਖੁੱਸ ਗਿਆ ਲੱਗਦਾ ਹੈ। ਹੁਣ ਕਈ ਵਾਰੀ ਅਧਿਆਪਕ ਨੂੰ ਮਾਪਿਆਂ ਦੇ ਗੁਸੈਲੇ ਬੋਲ ਵੀ ਸਹਿਣੇ ਪੈਂਦੇ ਹਨ ਤੇ ਉਹ ਆਪਣੀ ਮਾਣਮੱਤੀ ਹੋਂਦ ਨੂੰ ਢਹਿ ਲੱਗੀ ਦੇਖਦਾ ਹੈ। ਇਵੇਂ ਲੱਗਦਾ ਹੈ ਜਿਵੇਂ ਅਧਿਆਪਕ ਤੇ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਵਿਚਕਾਰ ਇੱਕ ਭਾਵਨਾਤਮਕ ਸਾਂਝ ਖਤਮ ਹੋ ਚੁੱਕੀ ਹੈ, ਵਿਦਿਆਰਥੀਆਂ 'ਤੇ ਅਧਿਆਪਕਾਂ ਦਾ ਕੋਈ ਹੱਕ ਨਾ ਰਹਿ ਗਿਆ ਹੋਵੇ। ਇੱਕ ਅਧਿਆਪਕ ਉਦੋਂ ਤਾਂ ਬਿਲਕੁਲ ਹੀ ਹਾਰਿਆ ਹੋਇਆ ਮਹਿਸੂਸ ਕਰਦਾ ਹੈ ਜਦੋਂ ਥੋੜ੍ਹੀ ਜਿਹੀ ਘੂਰ ਨਾ



ਸਹਿੰਦਾ ਹੋਇਆ ਵਿਦਿਆਰਥੀ ਇਸ ਗੱਲ ਦਾ ਬਤੰਗੜ ਬਣਾ ਦਿੰਦਾ ਹੈ। ਅੱਜ ਕੱਲ੍ਹ ਦੇ ਵਿਦਿਆਰਥੀਆਂ ਵਿੱਚ ਈਗੋ ਦੀ ਭਾਵਨਾ ਲੋੜ ਤੋਂ ਵੱਧ ਹੋ ਗਈ ਹੈ। ਉਹ ਅਧਿਆਪਕ ਦੀ ਜ਼ਰਾ ਜਿੰਨੀ ਝਿੜਕ ਨੂੰ ਵੀ ਆਪਣੀ ਈਗੋ ਤੇ ਲੈ ਜਾਂਦੇ ਹਨ। ਕੋਈ ਸਮਾਂ ਸੀ ਜਦੋਂ ਅਧਿਆਪਕ ਡੰਡਿਆਂ ਨਾਲ ਕੁੱਟਣਾ, ਮੁਰਗੇ ਬਣਾਉਣਾ, ਬਾਹਵਾਂ ਖੜ੍ਹੀਆਂ ਕਰਵਾਉਣਾ ਆਪਣਾ ਹੱਕ ਸਮਝਦੇ ਸਨ ਅਤੇ ਵਿਦਿਆਰਥੀ ਵੀ ਇਨ੍ਹਾਂ ਸਭ ਨੂੰ ਸਜ਼ਾ ਨਹੀਂ ਸਮਝਦੇ ਸਨ। ਇਹ ਤਰੀਕਾ ਹੁੰਦਾ ਸੀ ਅਧਿਆਪਕਾਂ ਦਾ ਵਿਦਿਆਰਥੀਆਂ ਨੂੰ ਉਹਨਾਂ ਦੀਆਂ ਕਮੀਆਂ ਨੂੰ ਮਹਿਸੂਸ ਕਰਵਾਉਣ ਦਾ। ਜਿਸਦੇ ਸਿੱਟੇ ਵਜੋਂ ਅੱਜ ਸਾਡੀ ਪੀੜ੍ਹੀ ਵਾਲੇ ਵਿਦਿਆਰਥੀ ਵਧੇਰੇ ਪਰਪੱਕਤਾ ਤੇ ਸੁਹਿਰਦਤਾ ਨਾਲ ਜ਼ਿੰਦਗੀ ਦੇ ਉਤਰਾਵਾਂ-ਚੜ੍ਹਾਵਾਂ ਨਾਲ ਮੇਲਦੇ ਹਨ। ਅੱਜ ਸਭ ਕੁਝ ਉਲਟ ਹੋ ਗਿਆ ਜਾਪਦਾ ਹੈ। ਅੱਜ ਕੱਲ੍ਹ ਸਕੂਲਾਂ ਕਾਲਜਾਂ ਦੇ ਵਿਦਿਆਰਥੀਆਂ ਵੱਲੋਂ ਅਸੀਂ ਅਧਿਆਪਕਾਂ ਤੇ ਕੀਤੇ ਗਏ ਹਮਲਿਆਂ ਦੀਆਂ ਖ਼ਬਰਾਂ ਅਕਸਰ ਪੜ੍ਹਦੇ ਸੁਣਦੇ ਹਾਂ। ਕੀ ਅੱਜ ਦਾ ਉਭਰ ਰਿਹਾ ਨੌਜਵਾਨ ਅਧਿਆਪਕ ਨੂੰ ਵੈਰੀ ਸਮਝਦਾ ਹੈ ਜਾਂ ਉਹ ਆਪ ਹੀ ਕਿਸੇ ਦੁਵਿਧਾ ਦਾ ਸ਼ਿਕਾਰ ਹੋ ਠੀਕ ਗਲਤ ਸਮਝ ਹੀ ਨਹੀਂ ਰਿਹਾ। ਕਾਰਨ ਹੈ ਸਾਡੀ ਜ਼ਿੰਦਗੀ ਦੇ ਢੰਗ ਤਰੀਕੇ ਬਦਲ ਗਏ ਹਨ। ਵਿਦਿਆਰਥੀਆਂ ਵਿੱਚ ਸਹਿਣ ਸ਼ਕਤੀ ਘੱਟ ਗਈ ਹੈ। ਵਿਦਿਆਰਥੀਆਂ ਦੇ ਪ੍ਰੇਰਨਾ ਸਰੋਤ ਹਥਿਆਰਾਂ ਤੇ ਨਸ਼ਿਆਂ ਵਾਲੇ ਉਹ ਗੀਤ ਬਣ ਗਏ ਹਨ ਜਿਨ੍ਹਾਂ ਦਾ ਜ਼ਿੰਦਗੀ ਦੀਆਂ ਤਲਖਾਂ ਹਕੀਕਤਾਂ ਨਾਲ ਕੋਈ ਨੇੜੇ ਦਾ ਸੰਬੰਧ ਨਹੀਂ ਹੁੰਦਾ।

ਕਈ ਵਾਰੀ ਗੈਰ ਅਧਿਆਪਨ ਕੰਮਾਂ ਦਾ ਬੋਝ ਵੀ ਅਧਿਆਪਕ ਨੂੰ ਇੱਕ ਪਰਪੱਕ ਅਧਿਆਪਕ ਵਜੋਂ ਕੰਮ ਕਰਨ ਤੋਂ ਰੋਕੀ ਰੱਖਦਾ ਹੈ। ਅਧਿਆਪਕ ਵਰਗ ਦੀ ਇਸ ਮਜਬੂਰੀ ਦਾ ਫਾਇਦਾ ਵਿਦਿਆਰਥੀ ਬਾਖ਼ੂਬੀ ਚੁੱਕਦੇ ਹਨ। ਉਹਨਾਂ ਨੂੰ ਪਤਾ ਹੁੰਦਾ ਹੈ ਕਿ ਉਹ ਪਾਸ ਤਾਂ ਹੋ ਹੀ ਜਾਣਗੇ। ਇਸੇ ਕਰਕੇ ਕਈ ਵਾਰੀ ਉਹ ਅਧਿਆਪਕਾਂ ਨੂੰ ਟਿੱਚ ਨਹੀਂ ਜਾਣਦੇ। ਇਹਨਾਂ ਸਭ ਗੱਲਾਂ ਦਾ ਪ੍ਰਭਾਵ ਅੱਜ ਕੱਲ ਸਕੂਲ ਪੱਧਰ ਅਤੇ ਉਚੇਰੀ ਸਿੱਖਿਆ ਸੰਸਥਾਵਾਂ ਵਿੱਚ ਆਮ ਦੇਖਣ ਨੂੰ ਮਿਲਦਾ ਹੈ।



ਸਮਾਜ ਵਿੱਚ, ਸੰਸਥਾਵਾਂ ਵਿੱਚ, ਸਰਕਾਰਾਂ ਵੱਲੋਂ ਅਧਿਆਪਕਾਂ ਦੇ ਆਦਰ ਲਈ ਉਹਨਾਂ ਦਾ ਰੁਤਬਾ ਬਰਕਰਾਰ ਰੱਖਣ ਲਈ ਅੱਜ ਦੇ ਸਮੇਂ ਕਈ ਵਸੀਲੇ ਕਰਨ ਦੀ ਲੋੜ ਹੈ। ਸਿੱਖਿਆ ਪ੍ਰਣਾਲੀ ਦੀ ਮੁੱਖ ਬੁਨਿਆਦ, ਅਧਿਆਪਕ ਜੇਕਰ ਮਜਬੂਤ ਹੋਣਗੇ ਤਾਂ ਸਿੱਖਿਆ ਤੰਤਰ ਆਪਣੇ ਆਪ ਤਰੋ-ਤਾਜ਼ਾ ਹੋ ਜਾਏਗਾ। ਸੋ ਅਧਿਆਪਕ ਨੂੰ ਬਣਦਾ ਮਾਣ-ਸਤਿਕਾਰ ਦੇਣਾ ਅਤੇ ਉਹਨਾਂ ਦੇ ਅਧਿਆਪਨ ਦੀ ਪ੍ਰਸੰਸ਼ਾ ਕਰਨਾ ਹੀ ਸੱਚੀ ਸ਼ਰਧਾਂਜਲੀ ਹੈ।

**ਜ਼ਿੰਦਗੀ ਵਿਚ ਜਿੰਨਾ ਮਰਜ਼ੀ ਉੱਪਰ ਉੱਠ ਜਾਓ ਪਰ ਆਪਣੀ ਗਰੀਬੀ ਤੇ ਬੁਰਾ ਵਕਤ ਹਮੇਸ਼ਾ ਯਾਦ ਰੱਖੋ।**

# ਮਨੁੱਖਾ ਜੀਵਨ ਨੂੰ ਸਫਲ ਬਣਾਉਣ ਲਈ ਸਹਿਜ ਮਾਰਗ ਦੀ ਲੋੜ

ਅੱਜ ਦੇ ਰਹਿਣ-ਸਹਿਣ ਵੱਲ ਨਿਗ੍ਹਾ ਮਾਰੀਏ ਤਾਂ ਅਜੋਕੀ ਜ਼ਿੰਦਗੀ ਵਿਚੋਂ ਆਪਸੀ ਭਾਈਚਾਰਕ ਸਾਂਝਾਂ, ਨਿਰਮਾਣਤਾ ਤੇ ਪਿਆਰ ਭਰੀਆਂ ਸੂਝਾਂ-ਬੂਝਾਂ ਕੋਹਾਂ ਦੂਰ ਹੁੰਦੇ ਜਾ ਰਹੇ ਹਨ। ਜ਼ਿੰਦਗੀ ਦੀ ਤੇਜ਼-ਤਰਾਰ ਤੇ ਭੱਜ-ਦੌੜ ਭਰੀਆਂ ਰਾਹਾਂ ਤੇ ਲੋਭ ਤੇ ਮੋਹ ਭਰੀਆਂ ਨਿਗਾਹਾਂ ਵਾਲੀ ਸੋਚ ਨੇ ਨਿੱਘੇ ਰਿਸ਼ਤਿਆਂ ਨੂੰ ਵੀ ਦੂਰ ਖੜ੍ਹੋ ਕੇ ਤੱਕਣ ਲਈ ਮਜਬੂਰ ਕਰ ਦਿੱਤਾ ਹੈ। ਆਪਣੇ ਤੇ ਆਪਣਿਆਂ ਲਈ ਲੋਭ ਭਰੀਆਂ ਵਸਤਾਂ ਭਾਲਦਾ ਇਨਸਾਨ ਆਪਣੇ ਕਰੀਬੀ ਤੇ ਦਿਲੀ ਸਾਂਝ ਵਾਲੇ ਰਿਸ਼ਤਿਆਂ ਨੂੰ ਭੁੱਲਦਾ ਜਾ ਰਿਹਾ ਹੈ ਤੇ ਇਨ੍ਹਾਂ ਰਿਸ਼ਤਿਆਂ ਨੂੰ ਪੈਰਾਂ ਹੇਠ ਮਧੋਲਦਾ ਅੱਗੇ ਵਧਦਾ ਜਾ ਰਿਹਾ ਹੈ।

ਅੱਜ ਨਿਮਰਤਾ, ਸਹਿਣਸ਼ੀਲਤਾ ਤਾਂ ਮਨੁੱਖੀ ਜਾਮੇ 'ਚੋਂ ਮਨਫੀ ਹੀ ਹੁੰਦੇ ਜਾ ਰਹੇ ਹਨ। ਚੋਰ-ਮੋਰੀ, ਠੱਗੀ-ਯਾਰੀ ਸਿਰਫ ਤੇ ਸਿਰਫ ਮਤਲਬ ਹੀ ਇਨ੍ਹਾਂ ਦੀ ਰੋਜ਼ ਦੀ ਕਾਰਗੁਜ਼ਾਰੀ ਹੁੰਦੀ ਹੈ। ਅਜਿਹੇ ਲੋਕ ਜ਼ਿੰਦਗੀ ਨੂੰ ਸਿਰਫ ਜਿਉਣਾ ਹੀ ਜਾਣਦੇ ਹਨ। ਇਸ ਜ਼ਿੰਦਗੀ ਰੂਪੀ ਵਿਸ਼ਾਲ ਤੇ ਲੰਬੇ ਪੈਂਡੇ ਤੇ ਚੱਲਦਿਆਂ ਇਨਸਾਨ ਨੂੰ ਕਈ ਖੁਸ਼ੀਆਂ ਤੇ ਨਮੋਸ਼ੀਆਂ ਵੀ ਝੱਲਣੀਆਂ ਪੈਂਦੀਆਂ ਹਨ। ਕੁਝ ਬੰਦੇ ਇਨ੍ਹਾਂ ਹਾਰਾਂ ਨੂੰ ਝੱਲ ਕੇ ਤੇ ਤਜ਼ਰਬੇ ਦੀ ਭੱਠੀ 'ਚ ਪੱਕ ਕੇ ਕੁੰਦਨ ਬਣ ਜਾਂਦੇ ਹਨ ਪਰ ਕੁਝ ਇਸ ਤੋਂ ਉਲਟ ਸਮੇਂ ਦੀ ਮਾਰ ਨਾ ਝੱਲਦੇ ਸਭ ਕੁਝ ਛੱਡ ਕੇ ਹੌਂਸਲਾ ਪ੍ਰਸਤ ਬਣ ਜਾਂਦੇ ਹਨ।


**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਡਬਲ ਰਾਸ਼ਟਰਪਤੀ ਐਵਾਰਡੀ**
**ਪ੍ਰਧਾਨ ਬ.ਮ.ਸ.ਲ.ਵ.ਸ. (ਰਜਿ.) ਜਲੰਧਰ**
**ਐਡਵਾਇਜ਼ਰ ਲੁਬਾਣਾ ਸੇਵਕ**
**98144-74535**




ਅਜਿਹਿਆਂ ਲਈ ਫਿਰ ਨਸ਼ੇ ਤੇ ਬੇਗੈਰਤ ਗੁਲਾਮੀ ਹੀ ਆਖਰੀ ਸਮੇਂ ਵਜੋਂ ਬਾਕੀ ਬਚਦੀ ਹੈ। ਅਜਿਹੇ ਲੋਕਾਂ ਲਈ ਜ਼ਿੰਦਗੀ ਦੇ ਰਿਸ਼ਤਿਆਂ ਦੀਆਂ ਤੰਦਾਂ ਬੇਹੱਦ ਕਮਜ਼ੋਰ ਤੇ ਨਾਜ਼ੁਕ ਹੋ ਜਾਂਦੀਆਂ ਹਨ।

ਜ਼ਿੰਦਗੀ ਨੂੰ ਜਿਊਣ ਤੇ ਮਾਨਣ ਵਿਚ ਬਹੁਤ ਫਰਕ ਹੈ। ਇਕ ਉਹ ਲੋਕ ਹਨ ਜੋ ਜ਼ਿੰਦਗੀ ਨੂੰ ਸਿਰਫ ਜਿਊਂਦੇ ਹਨ। ਉਨ੍ਹਾਂ ਨੂੰ ਇਸ ਗੱਲ ਨਾਲ ਕੋਈ ਸਰੋਕਾਰ ਨਹੀਂ ਕਿ ਉਨ੍ਹਾਂ ਦਿਨ ਵਿਚ ਕੀ ਬੁਰਾ ਕੀਤਾ, ਕੀ ਚੰਗਾ ਕੀਤਾ, ਕਿਸ ਨਾਲ ਧੋਖਾ ਕੀਤਾ, ਕਿਸ ਦਾ ਦਿਲ ਤੋੜਿਆ? ਝੂਠ, ਫਰੇਬ ਤੇ ਬੇਈਮਾਨੀ ਦੀ ਕਮਾਈ ਤੋਂ ਜਨਮੀ ਖੁਸ਼ੀ ਸਿਰਫ ਕੁਝ ਪਲ ਦੀ ਹੀ ਉਮਰ ਰੱਖਦੀ ਹੈ ਤੇ ਮਨ ਦਾ ਚੈਨ ਤੇ ਰਾਤਾਂ ਦੀ ਨੀਂਦ ਵੀ ਫਿਰ ਔਖਿਆਂ ਹੀ ਬਹੁੜਦੀ ਹੈ।

ਮਾੜੇ ਕਰਮ ਤੇ ਧੋਖਾ ਦਗੇ ਦਾ ਨਤੀਜਾ ਹਰ ਹਾਲ ਭੁਗਤਣਾ ਪੈਂਦਾ ਹੈ ਤੇ ਚਾਹੇ ਹੁਣ ਚਾਹੇ ਪਿਛੋਂ। ਅਜਿਹੇ ਨਿੱਜੀ ਲੋਭ, ਮੋਹ, ਸਮੇਂ ਤੇ ਸੰਘਰਸ਼ ਦੀ ਘੋੜ-ਦੌੜ ਵਿਚ ਸੰਸਕਾਰਾਂ ਤੇ ਰੱਬੀ ਕਿਰਤ ਤੋਂ ਸੱਖਣੇ ਰਹਿੰਦੇ ਹਨ। ਇਨ੍ਹਾਂ ਲਈ ਸਿਰਫ ਨੀਰਸ ਜਿਹੀ ਜ਼ਿੰਦਗੀ ਨੂੰ ਜਿਊਣਾ ਹੀ ਇਕ ਉਦੇਸ਼ ਰਹਿ ਜਾਂਦਾ ਹੈ। ਬਜ਼ੁਰਗਾਂ ਤੇ ਮਾਪਿਆਂ ਦੇ ਚਿਹਰਿਆਂ ਦੀਆਂ ਝੁਰੜੀਆਂ ਤੇ ਅੱਥਰੂ ਭਰੀਆਂ ਅੱਖਾਂ ਦੁੱਖ ਬਿਆਨ ਕਰਦੀਆਂ ਹਨ। ਉਹ ਅੱਖਾਂ ਵਿਚ ਵਿਲਕਣੀਆਂ ਭਰੇ ਹੋਏ ਸੋਚਦੇ ਤੇ ਲੋਚਦੇ ਦਿਖਦੇ ਹਨ ਕਿ ਕਾਸ਼ ਕਿਤੇ ਉਨ੍ਹਾਂ ਆਪਣੀ ਔਲਾਦ ਨੂੰ ਸਹੀ ਸੇਧ ਦਿੱਤੀ ਹੁੰਦੀ। ਸਹੀ ਸੰਸਕਾਰ ਦਿੱਤੇ ਹੁੰਦੇ।

ਅਗਲੀ ਪੀੜ੍ਹੀ ਨੂੰ ਸਹੀ ਜ਼ਿੰਦਗੀ ਜਿਊਣ ਤੇ ਮਾਨਣ ਦੀ ਪੈੜ ਤੇ ਰਹਿਤਲ ਬਖਸ਼ਣੀ ਮਾਤਾ ਪਿਤਾ ਦੇ ਹੀ ਹੱਥ ਵਸ ਹੁੰਦੀ ਹੈ। ਇਤਿਹਾਸ ਗਵਾਹ ਹੈ ਕਿ ਵੱਡੇ-ਵੱਡੇ ਰਾਜ-ਸਿੰਘਾਸਨ ਤੇ ਤਖਤੋ-ਤਾਜ ਐਵੇਂ ਇਕ ਦੋ ਦਿਨਾਂ 'ਚ ਨਹੀਂ ਬਣ ਜਾਂਦੇ। ਇਨ੍ਹਾਂ ਪਿੱਛੇ ਲੰਬੇ ਸਮਿਆਂ ਦੀ ਹੱਡ ਭੰਨਵੀਂ ਮਿਹਨਤ, ਜੱਦੋ-ਜਹਿਦ ਤੇ ਅਣਥੱਕ ਯਤਨ ਬੋਲਦੇ ਹਨ। ਬੱਚਿਆਂ ਨੂੰ ਛੋਟੀ ਉਮਰੇ ਹੀ ਕਿਰਤ, ਨਾਮ ਸਿਮਰਨ, ਸੱਚ ਤੇ ਸ਼ੁਭ ਗੁਣਾਂ ਦੇ ਬੀਜਾਂ ਨਾਲ ਪਰਵਰਿਸ਼ ਕਰਨੀ ਚਾਹੀਦੀ ਹੈ ਤਾਂ ਜੋ ਜਵਾਨੀ ਦੀ ਸਰਦਲ ਤੇ ਪਹੁੰਚਦੇ ਹੀ ਉਹ ਸੋਚੇ ਕਿ ਉਸ ਦਾ ਲਿਆ ਕੋਈ ਵੀ ਫੈਸਲਾ ਕਿਤੇ ਪਛਤਾਵਾ ਨਾ ਲੈ ਕੇ ਆਵੇ।

ਸਾਰੀ ਉਮਰੇ ਉਸ ਨੂੰ ਗਮੀ ਤੇ ਮਾਂ-ਬਾਪ ਨੂੰ ਅੱਥਰੂਆਂ ਦਾ ਹੜ੍ਹ ਨਾ ਝਾਗਣਾ ਪਵੇ। ਜ਼ਿੰਦਗੀ ਨੂੰ ਹੰਢਾਉਣਾ ਵੀ ਇਕ ਮਹਾਨ ਕਾਰਜ ਹੈ। ਇਸ ਸ਼੍ਰੇਣੀ ਦੇ ਲੋਕ ਉਹ ਹਨ ਜਿਨ੍ਹਾਂ ਨੇ ਪੀੜ੍ਹੀ-ਦਰ-ਪੀੜ੍ਹੀ ਸੰਸਕਾਰ, ਨਾਮ-ਸਿਮਰਨ, ਕਿਰਤ-ਸੱਚ ਦੇ ਬੀਜ ਆਪਣੀ ਪਿਛਲੀ ਪੀੜ੍ਹੀ ਤੋਂ ਲਏ ਤੇ ਅਗਲੀ ਲਈ ਬੀਜੇ ਹੁੰਦੇ ਹਨ ਤੇ ਉਹ ਉਮਰਾਂ ਦੇ ਤਜ਼ਰਬੇ ਤੇ ਵਿਸ਼ਵਾਸ ਦੇ ਪਾਣੀ ਨਾਲ ਸਿਜਦੇ ਹਨ। ਦੁੱਖ-ਸੁੱਖ ਦੇ ਤਾਪ, ਸਬਰ, ਭਜਨ-ਬੰਦਗੀ ਤੇ ਸੰਤੁਸ਼ਟੀ ਦੇ ਮਿਸ਼ਰਨ ਨਾਲ ਕੁੰਦਨ ਜਿਹੇ ਬਣ ਜਾਂਦੇ ਹਨ। ਜ਼ਿੰਦਗੀ ਨੂੰ ਜਿਊਣ, ਮਾਨਣ ਤੇ ਹੰਢਾਉਣ ਲਈ ਸਹੀ ਸੰਸਕਾਰ, ਸੱਚ, ਇਮਾਨਦਾਰੀ, ਸਬਰ, ਸੰਤੋਖ, ਕਿਰਤ ਤੇ ਨਾਮ ਦੀ ਸੋਝੀ ਦੀ ਗੁੜਤੀ ਤੇ ਜਾਗ ਅਜਿਹੇ ਗੁਣਾਂ ਦੇ ਧਾਰਨੀ ਮਾਪੇ ਹੀ ਦੇ ਸਕਦੇ ਹਨ।

# ਗੁਰ ਸਾਗਰ ਦੇ ਸੁੱਚੇ ਮੋਤੀ

ਸਿੰਘ ਸਾਹਿਬ ਗਿਆਨੀ ਚੇਤ ਸਿੰਘ

## ਅਕਾਲ ਪੁਰਖ ਵੱਲੋਂ ਸੱਦਾ

2 ਜੂਨ, 1950 ਦੀ ਰਾਤ ਦੇ ਤਿੰਨ ਪਹਿਰ ਬੀਤ ਗਏ। ਚੌਥਾ ਪਹਿਰ ਰਾਤ ਦਾ ਆਰੰਭ ਹੋਇਆ। ਉਹ ਅੰਮ੍ਰਿਤ ਵੇਲਾ, ਜਿਸ ਵਕਤ ਆਪ ਰੋਜ਼ ਉੱਠਦੇ ਸਨ, ਉਸੇ ਵਕਤ ਉੱਠੇ। ਸੌਚ ਕਿਰਿਆ ਕਰਕੇ ਇਸ਼ਨਾਨ ਕੀਤਾ, ਨਿਤਨੇਮ ਕੀਤਾ, ਅੰਤਰ-ਧਿਆਨ ਹੋ ਕੇ ਅਕਾਲ ਪੁਰਖ ਦੇ ਚਰਨਾਂ ਵਿਚ ਸੁਰਤ ਜੋੜੀ। ਕੁੱਝ ਸਮਾਂ ਉਸੇ ਤਰ੍ਹਾਂ ਆਪ ਅੰਤਰ-ਧਿਆਨ ਹੀ ਰਹੇ। ਫਿਰ ਸੁਰਤ ਸੰਭਲੀ, ਸਾਵਧਾਨ ਹੋਏ, ਅੱਧ-ਰਿੜਕਿਆ ਲਿਆ। ਪਹੁ ਫੁੱਟੀ, ਕੁੱਝ ਚਾਨਣ ਹੋਇਆ। ਆਪ ਸੈਰ ਕਰਨ ਲਈ ਪੌੜੀਆਂ ਤੋਂ ਉਤਰ ਹੀ ਰਹੇ ਸਨ ਕਿ ਆਪ ਜੀ ਨੂੰ ਦਿਲ ਦਾ ਦੌਰਾ ਪਿਆ। ਨਿਕਟਵਰਤੀਆਂ ਨੂੰ ਪਤਾ ਲੱਗਾ। ਚੁੱਕ ਕੇ ਹੇਠਾਂ ਲਿਆ ਕੇ ਮੰਜੇ ਤੇ ਪਾਇਆ। ਗਿਆਨੀ ਹਰਚਰਨ ਸਿੰਘ ਜੀ ਨੂੰ ਖ਼ਬਰ ਦਿੱਤੀ। ਦੌੜੇ ਭੱਜੇ, ਡਾਕਟਰ ਲਿਆਂਦਾ, ਪਰ ਡਾਕਟਰ ਨੇ ਕਹਿ ਦਿੱਤਾ ਕਿ ਆਪ ਜੀ ਦੇ ਸਰੀਰ ਵਿਚੋਂ ਭੌਰ ਨਿਕਲ ਕੇ ਉੱਡ ਗਿਆ ਹੈ। ਇਹ ਖ਼ਬਰ ਬਿਜਲੀ ਵਾਂਗ ਪਿੰਡਾਂ ਵਿਚ ਪੁੱਜ ਗਈ ਕਿ ਅੱਜ ਲੁਬਾਣਾ ਬਰਾਦਰੀ ਬਗੀਚੇ ਦਾ ਮਾਲੀ ਜਿਹੜਾ ਇੱਕ-ਇੱਕ ਬੂਟੇ ਦੀ, ਪੱਤਿਆਂ ਦੀ, ਡਾਲੀਆਂ ਦੀ ਸਾਰ ਲੈਂਦਾ ਸੀ, ਉਨ੍ਹਾਂ ਸਭਨਾਂ ਨੂੰ ਮੁਰਝਾਏ ਤੇ ਵਿਲਕਦੇ ਛੱਡ ਗਿਆ ਹੈ। ਹਾਹਾਕਾਰ ਮੱਚ ਗਈ। ਬੇਗੋਵਾਲ ਵੱਲ ਲੋਕਾਂ ਵਹੀਰਾਂ ਘੱਤ ਦਿੱਤੀਆਂ। 2 ਜੂਨ ਸ਼ਾਮ ਨੂੰ ਮੇਰੇ ਸਾਥੀ ਜਥੇਦਾਰ ਅੱਛਰ ਸਿੰਘ ਜੀ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੇ ਦਾਸ ਨੂੰ ਖ਼ਬਰ ਦਿੱਤੀ ਕਿ ਸੰਤ ਪ੍ਰੇਮ ਸਿੰਘ ਜੀ ਅਕਾਲ ਚਲਾਣਾ ਕਰ ਗਏ ਹਨ ਤੇ ਕੱਲ੍ਹ ਸਸਕਾਰ ਹੋਵੇਗਾ। ਇਸ ਦਰਦਨਾਕ ਖ਼ਬਰ ਨੇ ਹਿਰਦਾ ਵਿੰਨ੍ਹ ਦਿੱਤਾ। ਇਸ ਭਾਰੀ ਸਦਮੇ ਨਾਲ ਦਿਮਾਗ਼ ਦੀ ਸੋਚਣ ਸ਼ਕਤੀ ਗੁੰਮ ਹੋ ਗਈ ਕਿ ਕੀ ਕਰਾਂ। ਕੁੱਝ ਸੁੱਝੇ ਨਾ, ਕੀ ਹੋ ਗਿਆ ਹੈ, ਕੀ ਬਣੇਗਾ। ਹੁਣ ਤਾਂ ਪਹੁੰਚ ਨਹੀਂ ਸਕਦੇ। ਜਥੇਦਾਰ ਊਧਮ ਸਿੰਘ ਜੀ ਨਾਗੋਕੇ ਨਾਲ ਉਨ੍ਹਾਂ ਦਾ ਬਹੁਤ ਪਿਆਰ ਸੀ। ਉਨ੍ਹਾਂ ਨੂੰ ਖ਼ਬਰ ਦਿੱਤੀ। ਖ਼ਬਰ ਸੁਣ ਕੇ ਜਥੇਦਾਰ ਸਾਹਿਬ ਬਹੁਤ ਚਿੰਤਾਤੁਰ ਹੋਏ ਤੇ ਫੈਸਲਾ ਕੀਤਾ ਕਿ ਸਵੇਰੇ ਚੱਲਾਂਗੇ ਕਿਉਂਕਿ ਸਸਕਾਰ ਕੱਲ੍ਹ ਤਿੰਨ ਤਰੀਕ ਨੂੰ ਸਵੇਰੇ ਦਸ ਵਜੇ ਹੋਣਾ ਹੈ। ਰਾਤ ਸੋਚਦਿਆਂ ਤੇ ਭਾਰੀ ਚਿੰਤਾ ਵਿਚ ਬਤੀਤ ਹੋਈ। ਸਵੇਰੇ ਜਥੇਦਾਰ ਸਾਹਿਬ, ਦਾਸ, ਬਾਵਾ ਹਰਨਾਮ ਸਿੰਘ ਜੀ ਤੇ ਕੁੱਝ ਹੋਰ ਸੱਜਣ ਬੇਗੋਵਾਲ ਪੁੱਜੇ। ਦੁਨੀਆਂ ਦੀ ਕੁਰਲਾਹਟ ਤੇ ਇਸਤਰੀ ਪੁਰਸ਼ ਸਭ ਜ਼ਾਰੋਜ਼ਾਰ ਰੋ ਰਹੇ ਸਨ। ਇਨ੍ਹਾਂ ਸਭਨਾਂ ਦਾ ਰੋਣਾ ਨਾ ਦੇਖਿਆ ਜਾਵੇ, ਨਾ ਕੰਨਾਂ ਨਾਲ ਸੁਣਿਆ ਜਾਵੇ। ਜਥੇਦਾਰ ਊਧਮ ਸਿੰਘ ਜੀ ਨੇ ਬੜੀ ਦ੍ਰਿੜ੍ਹਤਾ ਨਾਲ ਖਲਕਤ ਨੂੰ ਰੋਕਿਆ, ਜੋ ਮਹਾਂਪੁਰਖਾਂ ਦੇ ਆਖਰੀ ਦਰਸ਼ਨ ਕਰਨ ਲਈ ਤਰਲੋ-ਮੱਛੀ ਹੋ ਰਹੇ ਸਨ ਕਿ ਕਿਸੇ ਤਰ੍ਹਾਂ ਸਾਨੂੰ ਆਪਣੇ ਮਹਿਬੂਬ ਨੇਤਾ ਦੇ ਦਰਸ਼ਨ ਹੋ ਜਾਣ। ਜਥੇਦਾਰ ਸਾਹਿਬਾਨ ਨੇ ਇਸ਼ਨਾਨ ਦਾ ਪ੍ਰਬੰਧ ਕੀਤਾ। ਦਾਸ (ਚੇਤ ਸਿੰਘ), ਗਿਆਨੀ ਹਰਚਰਨ ਸਿੰਘ ਜੀ ਤੇ ਜਥੇਦਾਰ ਊਧਮ ਸਿੰਘ ਜੀ ਨਾਗੋਕੇ ਤੇ ਭਗਤ ਸਰਦਾਰ ਸਿੰਘ ਜੀ ਆਦਿ ਸੱਜਣਾਂ ਪਹਿਲੇ ਦਹੀਂ ਨਾਲ ਫਿਰ ਸਾਬਣ ਨਾਲ ਬੜੀ ਸ਼ਰਧਾ ਨਾਲ ਇਸ਼ਨਾਨ ਕਰਾਇਆ। ਉਹ ਬੜਾ ਲਚ-ਲਚ ਕਰਦਾ ਸਰੀਰ, ਉਹ ਬੜੇ ਸੋਹਣੇ ਚਰਨ, ਜਿਨ੍ਹਾਂ ਚਰਨਾਂ ਨਾਲੋਂ ਮੈਂ ਕਦੇ ਵਿਛੜਨਾ ਨਹੀਂ ਸੀ ਚਾਹੁੰਦਾ। ਉਹ ਸੋਹਣਾ ਮੁੱਖ, ਜਿਸ ਮੁੱਖ ਦੇ ਦਰਸ਼ਨ ਕਰਕੇ ਅੱਖਾਂ ਨਹੀਂ ਸੀ ਰੱਜਦੀਆਂ। ਉਹ ਸੁੰਦਰ ਕੀਰਤਨ ਵਾਲੀ ਸ਼ਕਤੀ, ਜੋ ਗੁਰਬਾਣੀ ਦਾ ਕੀਰਤਨ ਕਰਕੇ ਸੜਿਆਂ ਹੋਇਆ ਮਨਾਂ ਨੂੰ ਹਰੇ-ਭਰੇ ਕਰ ਦਿੰਦੀ ਸੀ। ਉਹ ਅੱਜ ਇਸ ਸਰੀਰ ਵਿਚ ਨਹੀਂ ਸੀ ਰਹੀ। ਉਹ ਸ਼ਕਤੀ ਕਿਥੇ ਚਲੀ ਗਈ।

**ਬਾਬਾ ਬੋਲਤੇ ਤੇ ਕਹਾਂ ਗਏ।**
**ਦੇਹੀ ਕੇ ਸੰਗਿ ਰਹਤੇ॥**
**ਸੁਰਤਿ ਮਾਹਿ ਜੋ ਨਿਰਤੇ ਕਰਤੇ**
**ਕਥਾ ਬਾਰਤਾ ਕਹਤੇ॥(ਆਸਾ ਕਬੀਰ ਜੀ, ਪੰਨਾ 480)**

ਇਸ਼ਨਾਨ ਉਪਰੰਤ ਸੁੰਦਰ ਬਸਤਰ ਪਹਿਨਾਏ। ਦਾਸ ਨੇ ਅਰਦਾਸ ਕੀਤੀ। ਸੋਝੀ ਹੀ ਨਾ ਆਈ ਕਿ ਕਿਸੇ ਫੋਟੋਗ੍ਰਾਫਰ ਨੂੰ ਮੰਗਵਾ ਕੇ ਆਖਰੀ ਫੋਟੋ ਹੀ ਲੁਹਾ ਲੈਂਦੇ। ਉਸ ਮਹਾਨ ਵਿਅਕਤੀ ਦੀ ਯਾਦਗਾਰ ਰਹਿ ਜਾਂਦੀ। ਪਰ ਸਭ ਸਿਆਣਪਾਂ ਖਤਮ ਹੋ ਗਈਆਂ। ਜਥੇਦਾਰ ਊਧਮ ਸਿੰਘ ਜੀ ਨੇ ਇਕ ਪਾਸੇ ਆਪ ਅਰਥੀ ਨੂੰ ਮੋਢਾ ਦਿੱਤਾ। ਗਿਆਨੀ ਹਰਚਰਨ ਸਿੰਘ ਜੀ ਨੇ, ਭਗਤ ਸਰਦਾਰ ਸਿੰਘ ਜੀ ਨੇ ਅਤੇ ਦਾਸ ਨੇ ਭੀ ਮੋਢਾ ਦਿੱਤਾ। ਸੰਗਤਾਂ ਦਾ ਬੜਾ ਜ਼ੋਰ ਪੈ ਗਿਆ। ਬੜੀ ਮੁਸ਼ਕਲ ਨਾਲ ਸਸਕਾਰ ਅਸਥਾਨ, ਜੋ ਕੋਠੀ ਦੇ ਨਾਲ ਹੀ ਸੀ ਜਿਥੇ ਅੱਜ ਕੱਲ੍ਹ ਗੁਰਦੁਆਰਾ ਹੈ, ਉਥੇ ਅਰਥੀ ਪਹੁੰਚੀ। ਚੰਦਨ ਦੀ ਲੱਕੜੀ, ਘਿਓ ਅਤੇ ਹੋਰ ਸਮੱਗਰੀ ਆਦਿ ਸਰੀਰ ਤੇ ਪਾਇਆ ਗਿਆ। ਭਗਤ ਸਰਦਾਰ ਸਿੰਘ ਜੀ ਨੇ ਆਪਣੇ ਹੱਥੀਂ ਲਾਂਬੂ ਲਾਇਆ। ਸਸਕਾਰ ਹੋ ਗਿਆ। ਕੀਰਤਨ ਸੋਹਿਲੇ ਦਾ ਪਾਠ ਅਤੇ ਅਰਦਾਸ ਕਰਕੇ ਕੜਾਹ ਪ੍ਰਸ਼ਾਦ ਵਰਤਾਇਆ ਗਿਆ। ਇਸ ਤਰ੍ਹਾਂ 3 ਜੂਨ ਨੂੰ ਸਸਕਾਰ ਕੀਤਾ ਗਿਆ।

## ਸਸਕਾਰ ਦੇ ਪਿਛੋਂ ਦੇ ਹਾਲਾਤ

ਆਪ ਜੀ ਦੇ ਅਕਾਲ ਚਲਾਣੇ ਪਿੱਛੋਂ ਆਪ ਜੀ ਦੇ ਅੰਗੀਠੇ ਦੀ ਸਾਰੀ ਭਭੂਤੀ ਬਿਆਸ ਦਰਿਆ ਵਿਚ ਪ੍ਰਵਾਹ ਕਰ ਦਿੱਤੀ ਗਈ। ਨਿਰਮਲੇ ਭੇਖ ਦੀ ਮਰਯਾਦਾ ਅਨੁਸਾਰ ਕੁਝ ਅਸਥੀਆਂ ਹਰਿਦੁਆਰ ਪ੍ਰਵਾਹ ਕੀਤੀਆਂ ਗਈਆਂ। ਕੰਨਖਲ ਭੰਡਾਰਾ ਕੀਤਾ ਅਤੇ ਯਥਾਯੋਗ ਨਿਰਮਲ ਅਖਾੜੇ ਦੀ ਭੇਟਾ ਕੀਤੀ ਗਈ।

ਕੁੱਝ ਅਸਥੀਆਂ ਗਾਗਰ ਵਿਚ ਪਾ ਕੇ ਉਥੇ ਦਬਾ ਦਿੱਤੀਆਂ ਗਈਆਂ ਜਿਥੇ ਹੁਣ ਗੁਰਦੁਆਰਾ ਹੈ।

ਸੰਤ ਬਾਬਾ ਪ੍ਰੇਮ ਸਿੰਘ ਜੀ ਸਰੀਰਕ ਤੌਰ ਤੇ ਤਾਂ ਚਲੇ ਗਏ ਪਰ ਆਪਣੀਆਂ ਯਾਦਾਂ ਅਤੇ ਕੀਤੇ ਭਾਰੀ ਕਾਰਨਾਮੇ ਇਥੇ ਛੱਡ ਗਏ।

ਲੁਬਾਣਾ ਬਰਾਦਰੀ ਨੂੰ ਦੇਸ ਪ੍ਰਦੇਸ ਵਿਚ ਰੋਂਦੀ ਕੁਰਲਾਂਦੀ ਛੱਡ ਗਏ ਅਤੇ ਆਪਣਾ ਵਿਛੋੜਾ ਦੇ ਕੇ ਸਦਾ ਲਈ ਲਾਵਾਰਸ ਬਣਾ ਕੇ ਚਲੇ ਗਏ। ਆਪ ਜੀ ਦੀ ਮੌਤ ਨਾਲ ਲੁਬਾਣਾ ਬਰਾਦਰੀ ਨੂੰ ਜੋ ਘਾਟਾ ਪਿਆ ਹੈ, ਉਹ ਤਾਂ ਪੂਰਾ ਹੋਣ ਵਾਲਾ ਹੀ ਨਹੀਂ, ਪਰ ਸਿੱਖ ਪੰਥ ਵਿਚ ਭੀ ਆਪ ਜੀ ਦੀ ਮੌਤ ਨਾਲ ਜੋ ਧਾਰਮਿਕ ਪੱਖੋਂ ਘਾਟ ਹੋਈ, ਉਹ ਅਕਹਿ ਹੈ। ਸਿਆਸੀ ਤੌਰ ਤੇ ਵੀ ਭਾਰੀ ਦੁੱਖ ਅਨੁਭਵ ਕੀਤਾ ਗਿਆ, ਕਿਉਂਕਿ ਆਪ ਜੀ ਨੇ ਚੱਟਾਨ ਵਾਂਗ ਦ੍ਰਿੜ੍ਹ ਰਹਿ ਕੇ ਲਗਾਤਾਰ ਆਪਣੀ ਮੌਤ ਤੱਕ ਪੰਥ ਦਾ ਹੀ ਸਾਥ ਦਿੱਤਾ। ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਉਪਕਾਰ ਯਾਦ ਕਰ-ਕਰ ਕੇ ਲੁਬਾਣਾ ਬਰਾਦਰੀ ਅਤੇ ਹੋਰ ਸ਼ਰਧਾਲੂ ਜ਼ਾਰੋ-ਜ਼ਾਰ ਹੋ ਰਹੇ ਸਨ ਅਤੇ ਮੂੰਹੋਂ ਦੁਖੀ ਹੋ ਕੇ ਕਹਿ ਰਹੇ ਸਨ ਕਿ ਕੌਮ ਦਾ ਮਹਾਨ ਨੇਤਾ ਅੱਜ ਸਾਡੇ ਨਾਲੋਂ ਸਦਾ ਲਈ ਵਿਛੜ ਗਿਆ ਹੈ। ਲੁਬਾਣਾ ਬਰਾਦਰੀ ਦਾ ਸੁਹਾਗ-ਭਾਗ ਨਾਲ ਹੀ ਲੈ ਕੇ ਚਲਾ ਗਿਆ ਹੈ ਅਤੇ ਕੌਮ ਨੂੰ ਸਦਾ ਲਈ ਰੰਡੀ ਕਰ ਗਿਆ ਹੈ।

ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਾਰਿਓਦਿ ॥
ਬਾਝੁ ਪਿਆਰੇ ਆਪਣੇ ਬਿਰਹੀ ਨ ਧੀਰੋਦਿ ॥ (ਮਾਰੂ ਮਹਲਾ 5)

ਜਿਸ ਪਿਆਰੇ ਸਿਉ ਨੇਹੁ ਤਿਸੁ ਆਗੈ ਮਰ ਚਲੀਐ ॥
ਧ੍ਰਿਗੁ ਜੀਵਣ ਸੰਸਾਰ ਤਾ ਕੈ ਪਾਛੈ ਜੀਵਣਾ ॥
(ਸ੍ਰੀ ਰਾਗ ਵਾਰ, ਪੰਨਾ 83)

*****

# ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !

● ● ●

## ਅਪੀਲ

ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।

-ਧੰਨਵਾਦ

● ● ●

# ਝੂਠ ਵੀ ਬੜੀ ਅਜੀਬ ਚੀਜ਼ ਹੈ, ਬੋਲਣਾ ਸਭ ਨੂੰ ਚੰਗਾ ਲੱਗਦਾ ਹੈ ਤੇ ਸੁਣਨਾ ਸਭ ਨੂੰ ਬੁਰਾ।

# ਅਗਸਤ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ

**ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:) ਸੈਕਟਰ 30-ਏ, ਚੰਡੀਗੜ੍ਹ**



**ਹਰਮਨਪ੍ਰੀਤ ਸਿੰਘ
ਮੁਲਤਾਨੀ,
ਜਨਰਲ ਸਕੱਤਰ**

ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ,

।। ਵਾਹਿਗੁਰੂ ਜੀ ਕਾ ਖਾਲਸਾ।।

।। ਵਾਹਿਗੁਰੂ ਜੀ ਕੀ ਫਤਹਿ।।

1. **ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ** - ਅਗਸਤ 2024 ਮਹੀਨੇ ਸੰਬੰਧੀ ਫਾਊਂਡੇਸ਼ਨ ਦੇ ਆਮਦਨ ਤੇ ਖਰਚੇ ਦਾ ਕੁੱਲ ਵੇਰਵਾ ਜੋ ਕਿ ਸ: ਸੁਰਜੀਤ ਸਿੰਘ, ਵਿੱਤ ਸਕੱਤਰ ਵਲੋਂ ਤਿਆਰ ਕੀਤਾ ਗਿਆ ਹੈ, ਹੇਠ ਲਿਖੇ ਮੁਤਾਬਿਕ ਹੈ:-

ਅਗਸਤ ਮਹੀਨੇ ਦੀ ਕੁੱਲ ਆਮਦਨ- 6,75,443/-ਰੁਪਏ

ਅਗਸਤ ਮਹੀਨੇ ਦਾ ਕੁੱਲ ਖਰਚਾ - 6,10,946/-ਰੁਪਏ

2. **ਅਗਸਤ ਮਹੀਨੇ ਦੀ ਸੰਗਰਾਂਦ ਬਾਰੇ** - ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਗੁਰੂ ਘਰ ਵਿਖੇ ਸਾਉਣ ਮਹੀਨੇ ਦੀ ਸੰਗਰਾਂਦ ਦਾ ਦਿਹਾੜਾ 16 ਅਗਸਤ 2024 ਨੂੰ ਸ਼ਰਧਾਪੂਰਵਕ ਮਨਾਇਆ ਗਿਆ। ਕੀਰਤਨੀ ਜਥੇ ਨੇ ਰਹੱਸਮਈ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਸੰਗਤਾਂ ਨੇ ਆਪਣੀ ਹਾਜ਼ਰੀ ਭਰੀ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

3. **ਡੈਂਟਲ ਕਲੀਨਿਕ ਦੀ ਰਿਪੋਰਟ** - ਡਾ. ਅਵਨੀਤ ਬਾਨੀ ਲਾਂਬਾ ਵਲੋਂ ਡੈਂਟਲ ਕਲੀਨਿਕ ਦੀ ਸੇਵਾਵਾਂ ਦਾ ਕੰਮ ਠੀਕ ਚੱਲ ਰਿਹਾ ਹੈ ਜਿਸ ਵਿਚ ਅਗਸਤ ਮਹੀਨੇ ਵਿਚ ਲਾਭ ਪਾਤਰੀਆਂ ਨੇ ਡੈਂਟਲ ਸੇਵਾਵਾਂ ਦਾ ਚੈੱਕਅਪ ਅਤੇ ਇਲਾਜ ਕਰਾਕੇ ਲਾਹਾ ਲਿਆ ਹੈ। ਡੈਂਟਲ ਕਲੀਨਿਕ ਨੂੰ ਸ਼ਿਫ਼ਟ ਕਰਕੇ ਭਵਨ ਦੇ ਬਲਾਕ-ਏ ਦੇ ਗਰਾਉਂਡ ਫ਼ਲੋਰ ਤੇ ਸ਼ਿਫ਼ਟ ਕੀਤਾ ਗਿਆ ਹੈ।

4. **ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿਖੇ ਸਥਾਪਿਤ 50 ਕੇ.ਵੀ, ਏ. ਸੋਲਰ ਪਲਾਂਟ ਦੀ ਸਬਸਿਟੀ ਦੇ ਸੰਬੰਧ ਵਿੱਚ** - 2021 ਤੋਂ ਲੰਬਿਤ ਸਬਸਿਡੀ ਦੇ ਵਿਸ਼ੇ ਤੇ ਭਵਨ ਵਲੋਂ ਕਰਨਲ ਗੁਰਦੀਪ ਸਿੰਘ (ਰਿਟਾ.), ਵਾਇਸ ਪ੍ਰਧਾਨ, ਹੈ.ਕੁ. ਨੂੰ ਇਸ ਦੀ ਸਬਸਿਡੀ ਦੇ ਵਿਸ਼ੇ ਤੇ ਜ਼ਿੰਮੇਵਾਰੀ ਦਿੱਤੀ ਗਈ, ਉਹਨਾਂ ਨੇ ਭਵਨ ਵਲੋਂ (Crest Chd.) ਦੇ ਡਾਇਰੈਕਟਰ ਨੂੰ ਇਕ ਪੱਤਰ ਸੌਂਪਿਆ ਅਤੇ ਡਾਇਰੈਕਟਰ ਸਾਹਿਬ ਨੇ ਇਹ ਆਸ਼ਵਾਸਨ ਦਿੱਤਾ ਕਿ ਇਸ ਸਬਸਿਡੀ ਦੀ ਰਕਮ ਵਲੋਂ ਜਾਰੀ ਹੋ ਚੁੱਕੀ ਹੈ ਅਤੇ ਇਹ ਪੈਸਾ ਲੁਬਾਣਾ ਭਵਨ ਦੇ ਅਕਾਉਂਟ ਵਿਚ ਜਲਦੀ ਤੋਂ ਜਲਦੀ ਭੇਜਣ ਦੀ ਕੋਸ਼ਿਸ਼ ਕੀਤੀ ਜਾਵੇਗੀ।

**5. ਭਵਨ ਦੇ ਮੇਨ ਆਡੀਟੋਰਿਯਮ ਵਿੱਚ ਨਵੇਂ ਏ.ਸੀ. ਲਗਵਾਉਣ ਬਾਰੇ :-** ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਮੇਨ ਆਡੀਟੋਰਿਯਮ ਹਾਲ ਨੂੰ ਬੁਕਿੰਗ ਕਰਵਾਉਣ ਵਾਲਿਆਂ ਦੀ ਘੱਟ ਕੂਲਿੰਗ ਨੂੰ ਲੈ ਕੇ ਵਾਧੂ ਸ਼ਿਕਾਇਤਾਂ ਆ ਰਹੀਆਂ ਸਨ। ਪਿਛਲੇ ਕੁੱਝ ਮਹੀਨਿਆਂ ਤੋਂ ਇਹਨਾਂ ਸ਼ਿਕਾਇਤਾਂ ਦੀ ਲਗਾਤਾਰਤਾ ਨੂੰ ਦੇਖਦੇ ਹੋਏ ਮੈਨੇਜਮੈਂਟ ਨੇ ਕਈ ਫ਼ਰਮਾਂ ਤੋ ਇਸ ਬਾਰੇ ਸਲਾਹ ਕੀਤੀ ਅਤੇ ਇਸ ਫੀਲਡ ਵਿਚ ਮਾਹਿਰ ਤਿੰਨ ਫ਼ਰਮਾਂ ਨਾਲ ਇਸ ਬਾਰੇ ਗੱਲਬਾਤ ਕੀਤੀ ਅਤੇ ਮੇਨ ਆਡੀਟੋਰਿਯਮ ਹਾਲ ਵਿਚ ਸਪਲਿਟ ਏ.ਸੀ. ਲਗਵਾਉਣ ਦਾ ਫ਼ੈਸਲਾ ਲਿਆ ਗਿਆ ਕਿਉਂਕਿ ਭਵਨ ਵਿਚ ਪਹਿਲਾਂ ਤੋਂ ਲੱਗੇ ਹੋਏ ਵੀ.ਆਰ.ਵੀ. ਕੂਲਿੰਗ ਪਲਾਂਟ ਵੀ ਜ਼ਿਆਦਾ ਕੰਮ ਨਹੀ ਸੀ ਕਰ ਰਹੇ, ਜਿੰਨੀ ਕੀ ਜ਼ਿਆਦਾ ਕੂਲਿੰਗ ਲਈ ਜ਼ਰੂਰਤ ਹੈ। ਇਸ ਕਰਕੇ ਇਸ ਕੰਮ ਨੂੰ ਕਰਨ ਲਈ ਇਕ ਕਮੇਟੀ ਦਾ ਗਠਨ ਕੀਤਾ ਗਿਆ ਜਿਸ ਵਿਚ ਹੇਠ ਲਿਖੇ ਮੈਂਬਰਾਂ ਨੂੰ ਜ਼ਿੰਮੇਵਾਰੀ ਸੌਂਪੀ ਗਈ :–

| | |
|---|---|
| (ੳ) ਸ: ਹਰਮਨਪ੍ਰੀਤ ਸਿੰਘ ਮੁਲਤਾਨੀ, ਜਨਰਲ ਸਕੱਤਰ | ਕਨਵੀਨਰ |
| (ਅ) ਕਰਨਲ ਗੁਰਦੀਪ ਸਿੰਘ (ਰਿਟਾ.), ਵੀ.ਪੀ. (ਹੈ.ਕੁ.) | ਮੈਂਬਰ |
| (ੲ) ਸ: ਸੁਰਜੀਤ ਸਿੰਘ, ਵਿੱਤ ਸਕੱਤਰ | ਮੈਂਬਰ |
| (ਸ) ਸੂਬੇਦਾਰ ਮੇਜਰ ਜਸਪਾਲ ਸਿੰਘ (ਰਿਟਾ.), ਮੈਂਟੀਨੈਂਸ ਸਕੱਤਰ | ਮੈਂਬਰ |
| (ਹ) ਸ: ਨਿਰਮਲ ਸਿੰਘ, ਮੈਂਟੀਨੈਂਸ ਸਕੱਤਰ | ਮੈਂਬਰ |
| (ਕ) ਸ: ਰਵਿੰਦਰ ਸਿੰਘ, ਗੁਰੂ ਘਰ ਮੁੱਖ ਸੇਵਾਦਾਰ | ਮੈਂਬਰ |

ਭਵਨ ਦੇ ਮੇਨ ਆਡੀਟੋਰਿਯਮ ਵਿਚ ਦੇ ਚਾਰ ਸਪਲਿਟ ਏ.ਸੀ. (ਦੋ ਟਨ ਦੇ) ਲਗਵਾਉਣ ਦਾ ਕੰਮ ਹੁਣ ਪੂਰਾ ਕੀਤਾ ਜਾ ਚੁੱਕਿਆ ਹੈ ਅਤੇ ਘੱਟ ਕੂਲਿੰਗ ਦੀ ਸਮੱਸਿਆ ਦੂਰ ਹੋ ਗਈ ਹੈ।

**6. ਭਵਨ ਵਿਚ ਕੀਤੇ ਕੰਮਾਂ ਬਾਰੇ :-** ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦਾ ਸਾਇਨ ਬੋਰਡ ਜੋ ਕਿ ਪਿਛਲੇ ਕਾਫ਼ੀ ਸਮੇਂ ਤੋਂ ਖ਼ਰਾਬ ਪਿਆ ਸੀ ਤੇ ਫਿੱਕਾ ਹੋ ਗਿਆ ਸੀ, ਪ੍ਰਧਾਨ ਜੀ ਵੱਲੋਂ ਦਿੱਤੇ ਗਏ ਆਦੇਸ਼ਾਂ ਅਨੁਸਾਰ ਇਸ ਨੂੰ ਨਵਾਂ ਬਨਾਉਣ ਦਾ ਆਰਡਰ ਕੀਤਾ ਜਾ ਚੁੱਕਾ ਹੈ।

● ● ●

**ਆਪਣੇ ਜੀਵਨ ਨੂੰ ਏਨਾ ਸੋਹਣਾ ਬਣਾਓ ਕਿ ਤੁਹਾਨੂੰ ਯਾਦ ਕਰਕੇ ਕਿਸੇ ਵੀ ਨਿਰਾਸ਼ ਵਿਅਕਤੀ ਦੀਆਂ ਅੱਖਾਂ ਵਿਚ ਚਮਕ ਆ ਜਾਵੇ।**

# ਜੀਵਨ ਵਿਕਾਸ - ਇਕ ਸੰਘਰਸ਼

ਵਰਿਆਮ ਸਿੰਘ ਪੀ.ਈ.ਐਸ. (1) ਪ੍ਰਿੰਸੀਪਲ (ਰਿਟਾ.)

## ਬੱਚਿਆਂ ਦੀ ਯੋਗ ਸਿੱਖਿਆ ਅਤੇ ਕੰਮਕਾਜ ਪ੍ਰਾਪਤੀਆਂ ਦੀਆਂ ਕੁਝ ਯਾਦਾਂ

ਗੁਰੂ ਮਹਾਰਾਜ ਦੀ ਆਪਾਰ ਕਿਰਪਾ ਅਤੇ ਦੋਸਤਾਂ ਮਿੱਤਰਾਂ ਦੇ ਬਰ-ਵਕਤ ਵੱਡਮੁੱਲੇ ਯੋਗਦਾਨ ਸਦਕਾ ਸਾਰੇ ਬੱਚੇ ਉਚੇਰੀ ਸਿੱਖਿਆ ਅਤੇ ਯੋਗ ਕੰਮਕਾਜ ਦੀ ਪ੍ਰਾਪਤੀ ਲਈ ਬੜੇ ਖੁਸ਼-ਨਸੀਬ ਸਿੱਧ ਹੋਏ। ਤਿੰਨੇ ਬੇਟੀਆਂ ਆਪਣੇ ਪਾਪਾ ਦੇ ਨਕਸ਼ੇ ਕਦਮ ਤੇ ਚਲਦੀਆਂ ਹੋਈਆਂ ਕਾਲਜ ਲੈਕਚਰਾਰ ਨਿਯੁਕਤ ਹੋਈਆਂ ਅਤੇ ਦੋਵੇਂ ਬੇਟੇ ਪ੍ਰੋਫੈਸ਼ਨਲ ਅਤੇ ਪ੍ਰਬੰਧਕੀ ਅਫਸਰਾਂ ਵਜੋਂ ਰੋਜ਼ੀ ਰੋਟੀ ਕਮਾਉਂਦੇ ਰਹੇ।

**ਜਗਤਾਰ ਸਿੰਘ** : ਜਿਵੇਂ ਕਿ ਪਹਿਲਾਂ ਵੀ ਜ਼ਿਕਰ ਹੋਇਆ ਹੈ ਜਗਤਾਰ (ਕਾਕਾ) ਨੂੰ ਇੰਜੀਨੀਅਰਿੰਗ ਡਿਗਰੀ ਮਿਲਣ ਤੋਂ ਬਾਅਦ ਜਲਦੀ ਹੀ ਨਵੰਬਰ 1972 ਵਿੱਚ ਪੰਜਾਬ ਐਗਰੋ ਇੰਡਸਟਰੀਅਲ ਕਾਰਪੋਰੇਸ਼ਨ, ਚੰਡੀਗੜ੍ਹ ਵਿਖੇ ਟੈਕਨੀਕਲ ਅਸਿਸਟੈਂਟ ਦੀ ਜਾਬ ਮਿਲ ਗਈ ਸੀ। ਜਨਵਰੀ 1975 ਵਿੱਚ ਡਿਸਟਰਿਕਟ ਮੈਨੇਜਰ ਵਜੋਂ ਪ੍ਰੋਮੋਸ਼ਨ ਹੋ ਗਈ ਅਤੇ ਉਸ ਨੂੰ ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਸਰਵਿਸ ਕਰਨ ਦਾ ਮੌਕਾ ਮਿਲਿਆ। 1978 ਵਿੱਚ ਕੁਝ ਸਮੇਂ ਲਈ ਜ਼ਿਲ੍ਹਾ ਕਪੂਰਥਲਾ ਦੇ ਮੈਨੇਜਰ ਵੀ ਰਹੇ ਜਿਥੇ ਉਸ ਦਾ ਦਫਤਰ ਅਮਨ ਨਗਰ ਵਿਖੇ ਹੀ ਘਰ ਤੋਂ ਕੇਵਲ ਸੌ ਮੀਟਰ ਦੇ ਫਾਸਲੇ ਤੇ ਸੀ। ਲਗਭਗ 8 ਸਾਲ ਦੀ ਇਹ ਸਰਵਿਸ ਕਰਨ ਤੋਂ ਬਾਅਦ ਦਸੰਬਰ, 1982 ਵਿੱਚ ਇਕ ਪੰਜਾਬ ਦੀ ਕੰਪਨੀ ਪੰਜਾਬ ਕੈਮੀ ਪਲਾਂਟ ਵੱਲੋਂ ਪ੍ਰੋਜੈਕਟ ਇੰਜੀਨੀਅਰ ਨਿਯੁਕਤ ਹੋ ਕੇ ਬਸਰਾ (ਇਰਾਕ) ਚਲੇ ਗਏ। ਚਾਰ ਸਾਲ ਬਾਅਦ ਵਾਪਸ ਭਾਰਤ ਆ ਗਏ ਅਤੇ ਦੋ ਸਾਲ ਏਸੇ ਕੰਪਨੀ ਵੱਲੋਂ ਰੋਪੜ ਥਰਮਲ ਪਲਾਂਟ ਤੇ ਐਸ.ਡੀ.ਓ. ਦੇ ਤੌਰ 'ਤੇ ਸਰਵਿਸ ਕੀਤੀ। ਜਨਵਰੀ 1989 ਵਿੱਚ ਰੇਲਵੇ ਰੈਕਰੂਟਿੰਗ ਬੋਰਡ, ਚੰਡੀਗੜ੍ਹ ਵੱਲੋਂ ਡੀ.ਸੀ. ਡਬਲਿਯੂ ਪਟਿਆਲਾ ਲਈ ਕੇਵਲ ਇੱਕ ਪ੍ਰੋਡਕਸ਼ਨ ਇੰਜੀਨੀਅਰ ਦੀ ਅਸਾਮੀ ਲਈ ਇਸ਼ਤਿਹਾਰ ਅਖਬਾਰਾਂ ਵਿੱਚ ਪ੍ਰਕਾਸ਼ਤ ਹੋਇਆ। ਸਾਨੂੰ ਬੜੀ ਖੁਸ਼ੀ ਹੋਈ ਜਦੋਂ ਇਸ ਇੱਕਲੀ ਪੋਸਟ ਲਈ ਜਗਤਾਰ ਸਿੰਘ ਦੀ ਸਿਲੈਕਸ਼ਨ ਹੋ ਗਈ। ਪਹਿਲਾਂ ਉਸ ਨੇ ਬਤੌਰ ਡਿਪਟੀ ਸੁਪਰਡੈਂਟ ਸ਼ਾਪ ਜੌਆਇਨ ਕੀਤਾ ਅਤੇ 1993 ਵਿੱਚ ਸੁਪਰਡੈਂਟ ਸ਼ਾਪ ਵਜੋਂ ਉਸ ਦੀ ਪ੍ਰਮੋਸ਼ਨ ਹੋ ਗਈ। ਏਥੇ ਰੇਲਵੇ ਦੀ 22 ਸਾਲ ਦੀ ਸਰਵਿਸ ਉਪਰੰਤ ਉਹ 30 ਨਵੰਬਰ, 2010 ਨੂੰ ਸੀਨੀਅਰ ਸੈਕਸ਼ਨ ਇੰਜੀਨੀਅਰ ਦੇ ਤੌਰ 'ਤੇ ਸੇਵਾ ਮੁਕਤ ਹੋਏ ਅਤੇ ਪੈਨਸ਼ਨ ਪ੍ਰਾਪਤ ਕੀਤੀ। ਵੱਡੀ ਨੂੰਹ ਰਾਣੀ ਸਤਬੀਰ ਕੌਰ ਐਮ.ਏ., ਬੀ.ਐੱਡ. ਆਰਬਿੰਦੋ ਇੰਟਰਨੈਸ਼ਨਲ ਸਕੂਲ, ਪਟਿਆਲਾ ਤੋਂ ਲੈਕਚਰਾਰ ਵਜੋਂ ਸੇਵਾ ਮੁਕਤ ਹੋਏ ਹਨ। ਉਨ੍ਹਾਂ ਨੇ ਪਟਿਆਲਾ ਦੀ ਅਲੀਪੁਰ ਰੋਡ ਤੇ ਘੁੰਮਣ ਨਗਰ ਵਿਖੇ ਇੱਕ ਨਵਾਂ ਬਣਿਆ ਸੁੰਦਰ ਘਰ ਖਰੀਦ ਲਿਆ। ਉਨ੍ਹਾਂ ਦੀਆਂ ਦੋਵੇਂ ਬੇਟੀਆਂ ਨੇ ਇੰਜੀਨੀਅਰਿੰਗ ਦੀ ਡਿਗਰੀ ਪ੍ਰਾਪਤ ਕਰ ਲਈ। ਵੱਡੀ ਨਵਨੀਤ ਨੂੰ ਫੌਜ ਦੀ ਇੰਜੀਨੀਅਰਿੰਗ ਰਜਮੈਂਟ ਵਿੱਚ ਕਮਿਸ਼ਨ ਮਿਲ ਗਿਆ ਸੀ ਅਤੇ ਹੁਣ ਲੈਫ. ਕਰਨਲ ਹੈ। ਛੋਟੀ ਪੁਨੀਤ ਦੀ ਸ਼ਾਦੀ ਅਮਰੀਕਾ ਦੇ ਇੱਕ ਇੰਜੀਨੀਅਰ ਲੜਕੇ ਨਾਲ ਹੋ ਗਈ ਜਿੱਥੇ ਜਾ ਕੇ ਉਸ ਨੇ ਐਮ.ਐਸ. ਕਰ ਲਿਆ ਅਤੇ ਇੱਕ ਉਚੇਰੀ ਪਦਵੀ ਦੀ ਗੌਰਮਿੰਟ ਨੌਕਰੀ ਕਰ ਰਹੀ ਏ। ਬੇਟਾ ਜਗਮੀਤ ਸਿੰਘ ਬੀ.ਟੈਕ ਇੰਜੀਨੀਅਰਿੰਗ ਦੀ ਡਿਗਰੀ ਪ੍ਰਾਪਤ ਕਰਕੇ ਮੁਹਾਲੀ ਵਿਖੇ ਇੱਕ ਪ੍ਰਸਿੱਧ ਕੰਪਨੀ ਵਿੱਚ ਨੌਕਰੀ ਕਰ ਰਿਹਾ ਹੈ। ਆਪਣੇ ਨਾਲ ਕੰਮ ਕਰਦੀ ਇਕ ਸੁੰਦਰ ਕੁੜੀ ਸ਼ਿਵਾਨੀ ਨਾਲ 3.12.2017 ਨੂੰ ਸ਼ਾਦੀ ਹੋ ਗਈ।

ਮਿਤੀ 13 ਮਾਰਚ, 2019 ਨੂੰ ਪਰਿਵਾਰ ਤੇ ਇਕ ਵਾਰ ਫਿਰ ਰੱਬੀ ਕਹਿਰ ਨਾਜ਼ਲ ਹੋਇਆ ਅਤੇ ਪਰਿਵਾਰ ਦੇ ਵੱਡੇ ਫਰਜ਼ੰਦ ਅਤੇ ਸਾਰਿਆਂ ਦੇ ਪਿਆਰੇ (ਕਾਕਾ ਜੀ) ਇੰਜ. ਜਗਤਾਰ ਸਿੰਘ ਕੁਝ ਸਮਾਂ ਬੀਮਾਰ ਰਹਿਣ ਉਪਰੰਤ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਏ। ਉਹ ਸਾਹ ਦੇ ਰੋਗ ਤੋਂ ਪੀੜਤ ਸਨ ਜੋ ਦਵਾਈਆਂ ਸਦਕਾ ਹਰ ਤਰ੍ਹਾਂ ਨਾਲ ਕੰਟਰੋਲ ਵਿੱਚ ਰਹਿੰਦਾ ਸੀ। ਪਰ ਇਕ ਫੇਫੜੇ ਦੀ ਕਮਜ਼ੋਰੀ ਕਾਰਨ ਲਗਭਗ ਚਾਰ ਮਹੀਨੇ ਤੋਂ ਪੀਜੀਆਈ ਚੰਡੀਗੜ੍ਹ ਦੇ ਜ਼ੇਰੇ ਇਲਾਜ ਸਨ, ਜਿਥੇ ਉਨ੍ਹਾਂ ਦੇ ਫੇਫੜਿਆਂ ਦੀ ਫੰਗਸ ਇਨਫੈਕਸ਼ਨ ਦਾ ਪਤਾ ਲੱਗਾ ਜੋ ਠੀਕ ਨਾ ਹੋ ਸਕੀ। ਖਾਣਾ ਪੀਣਾ ਘੱਟਦਾ ਗਿਆ ਸਰੀਰਕ ਕਮਜ਼ੋਰੀ ਵੱਧਦੀ ਗਈ। ਆਖਰੀ 15 ਦਿਨ ਡੀ.ਐਮ.ਸੀ. ਹਸਪਤਾਲ ਲੁਧਿਆਣਾ ਦੇ ਆਈ.ਸੀ.ਯੂ. ਵਾਰਡ ਵਿੱਚ ਵੀ ਦਾਖਲ ਰਹੇ ਪਰ ਰੋਗ ਤੋਂ ਕੋਈ ਰਾਹਤ ਨਸੀਬ ਨਾ ਹੋਈ ਅਤੇ ਅੰਤ ਨੂੰ ਹਸਪਤਾਲ ਵਿਖੇ ਹੀ ਸਵਾਸ ਪੂਰੇ ਹੋ ਗਏ। ਸਰੀਰਕ ਸਸਕਾਰ 14 ਮਾਰਚ ਨੂੰ ਕਪੂਰਥਲਾ ਵਿਖੇ ਕੀਤਾ ਗਿਆ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਅਤੇ ਅੰਤਿਮ ਅਰਦਾਸ 24 ਮਾਰਚ ਨੂੰ ਕੀਤੀ ਗਈ। ਇਸ ਮੌਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ

ਸੰਗਤਾਂ ਵੱਡੀ ਗਿਣਤੀ ਵਿੱਚ ਗੁਰੂ ਘਰ ਵਿੱਚ ਹਾਜ਼ਰ ਹੋਈਆਂ। ਉਨ੍ਹਾਂ ਦੀ ਛੋਟੀ ਬੇਟੀ ਪੁਨੀਤ ਕੌਰ ਅਮਰੀਕਾ ਤੋਂ ਅਤੇ ਭੈਣ ਬਰਿੰਦਰ ਕੌਰ ਕੈਨੇਡਾ ਤੋਂ ਵੀ ਸਸਕਾਰ ਵੇਲੇ ਪਹੁੰਚ ਗਏ ਸਨ।

ਉਪਰੰਤ 7 ਅਪ੍ਰੈਲ, 2019 ਨੂੰ ਪਰਿਵਾਰ ਦੀ ਸੁਖਸ਼ਾਂਤੀ ਲਈ ਉਨ੍ਹਾਂ ਦੇ ਘੁੰਮਣ ਨਗਰ, ਪਟਿਆਲਾ ਦੇ ਘਰ ਵਿਖੇ ਸ੍ਰੀ ਸੁਖਮਨੀ ਸਾਹਿਬ ਅਤੇ ਕਾਕਾ ਜੀ ਵੱਲੋਂ ਖੁਦ ਕੀਤੇ ਸਹਿਜ ਪਾਠ ਦੇ ਭੋਗ ਪਾਏ ਗਏ, ਧੁਰ ਕੀ ਬਾਣੀ ਦਾ ਕੀਰਤਨ ਹੋਇਆ ਅਤੇ ਗੁਰੂ ਕਾ ਲੰਗਰ ਸੰਗਤਾਂ ਵਿੱਚ ਵਰਤਾਇਆ ਗਿਆ।

**ਬਰਿੰਦਰ ਕੌਰ** : ਬਰਿੰਦਰਕੌਰ (ਗੁੱਡੀ) ਨੇ ਨਡਾਲਾ ਕਾਲਜ ਤੋਂ ਬੀ.ਏ. ਡਿਗਰੀ ਦਾ ਇਮਤਿਹਾਨ ਪਾਸ ਕਰਨ ਉਪ੍ਰੰਤ ਜੁਲਾਈ, 1976 ਵਿੱਚ ਸਰਕਾਰੀ ਕਾਲਜ, ਪਟਿਆਲਾ ਤੋਂ ਐਮ.ਪੀ.ਐਡ ਦੀ ਡਿਗਰੀ 58.5% ਅੰਕ ਲੈ ਕੇ ਪ੍ਰਾਪਤ ਕੀਤੀ। ਜਲਦੀ ਹੀ ਉਹ ਸੰਤ ਦਰਬਾਰਾ ਸਿੰਘ ਕਾਲਜ, ਲੋਪੋਂ ਵਿਖੇ ਫਿਜ਼ੀਕਲ ਐਜੂਕੇਸ਼ਨ ਲੈਕਚਰਾਰ ਲੱਗ ਗਈ। ਇਸ ਤੋਂ ਬਾਅਦ ਉਹ ਡੀ.ਏ.ਵੀ. ਕਾਲਜ, ਬਟਾਲਾ ਅਤੇ ਗੁਰੂ ਹਰ ਗੋਬਿੰਦ ਕਾਲਜ, ਗੁਰੂ ਸਰ ਸੁਧਾਰ ਵਿੱਚ ਵੀ ਸਰਵਿਸ ਕਰਦੇ ਰਹੇ। 02 ਅਗਸਤ 1982 ਨੂੰ ਉਸ ਨੇ ਏ.ਪੀ.ਜੇ ਕਾਲਜ, ਜਲੰਧਰ ਵਿਖੇ ਜੌਆਇਨ ਕਰ ਲਿਆ। ਜਿਥੇ ਉਸ ਦੀ ਸਿਲੈਕਸ਼ਨ ਬੜੇ ਸਖਤ ਮੁਕਾਬਲੇ ਤੋਂ ਬਾਅਦ ਹੋਈ। ਉਸ ਦਿਨ ਇੰਟਰਵਿਊ ਲੈਣ ਆਏ ਯੂਨੀਵਸਿਟੀ ਦੇ ਮਾਹਿਰ ਮੈਂਬਰ ਆਪਣੇ ਇਕ ਉਮੀਦਵਾਰ ਨੂੰ ਸਿਲੈਕਟ ਕਰਨ ਲਈ ਨਾਲ ਲੈ ਕੇ ਆਏ ਹੋਏ ਸਨ। ਪਰ ਕਾਲਜ ਕਮੇਟੀ ਦੇ ਪ੍ਰਧਾਨ ਸੇਠ ਸਤਿਪਾਲ ਜੀ ਜੋ ਮੈਨੂੰ ਜਾਣਦੇ ਸਨ ਅਤੇ ਬਾਹਰ ਖੜ੍ਹੇ ਨੂੰ ਮਿਲ ਕੇ ਗਏ ਸਨ ਅਤੇ ਪੰਜਾਬ ਗੌਰਮਿੰਟ ਵੱਲੋਂ ਆਏ ਮਾਹਿਰ ਮੈਂਬਰ ਜੋ ਮੇਰੇ ਨਾਲ ਸਿੰਡੀਕੇਟ ਦੇ ਮੈਂਬਰ ਸਨ, ਹੁਰਾਂ ਦੇ ਸਾਹਮਣੇ ਉਸ ਦੀ ਪੇਸ਼ ਨਾ ਗਈ ਅਤੇ ਬਰਿੰਦਰ ਦੀ ਸਿਲੈਕਸ਼ਨ ਮੈਰਿਟ ਦੇ ਆਧਾਰ 'ਤੇ ਹੋ ਗਈ। ਲਗਭਗ 31 ਸਾਲ ਦੀ ਸਰਵਿਸ ਤੋਂ ਬਾਅਦ 28.02.2013 ਨੂੰ ਸੇਵਾ ਮੁਕਤ ਹੋਏ। ਕਾਲਜ ਵੱਲੋਂ ਬੜੇ ਆਦਰ ਸਹਿਤ ਫੰਕਸ਼ਨ ਕਰਕੇ ਉਸ ਨੂੰ ਸਨਮਾਨਿਤ ਕੀਤਾ ਗਿਆ। ਸ਼ਾਨਦਾਰ ਪਾਰਟੀ ਉਪਰੰਤ ਬਣਦੇ ਲੱਖਾਂ ਰੁਪਏ ਦੇ ਬਕਾਏ ਦੇ ਕੇ ਕਾਲਜ ਤੋਂ ਵਿਦਾ ਕੀਤਾ ਗਿਆ। ਉਨ੍ਹਾਂ ਦੇ ਪਤੀ ਡਾ. ਕਰਨੈਲ ਸਿੰਘ ਵੀ ਪੀ.ਏ.ਯੂ., ਲੁਧਿਆਣਾ ਦੀ ਪ੍ਰੋਫੈਸਰ ਅਸਾਮੀ ਤੋਂ ਰਿਟਾਇਰ ਹੋ ਕੇ ਪੈਨਸ਼ਨ ਲੈ ਰਹੇ ਹਨ। ਉਨ੍ਹਾਂ ਦੇ ਦੋਵੇਂ ਬੇਟੇ ਇੰਜੀਨੀਅਰ ਹਨ। ਛੋਟਾ ਪ੍ਰੀਤਕਮਲ ਸਿੰਘ (ਮਿਕੂ) ਬੀ.ਟੈੱਕ, ਐੱਮ.ਬੀ.ਏ. ਕੈਨੇਡਾ ਦੀ ਲੜਕੀ ਰਵਨੀਤ ਨਾਲ ਸ਼ਾਦੀ ਕਰਕੇ ਬਾਹਰ ਚਲਾ ਗਿਆ ਹੈ। ਵੱਡਾ ਇੰਜ. ਪਰਮਿੰਦਰ ਸਿੰਘ (ਕਿਟੂ) 10 ਸਾਲ ਕੈਨੇਡਾ ਰਹਿ ਕੇ ਵਾਪਸ ਆ ਗਿਆ ਅਤੇ ਸਨਦੀਪ ਕੌਰ ਨਾਲ ਸ਼ਾਦੀ ਹੋ ਗਈ। ਹੁਣ ਜਾਬ ਦੀ ਪੇਸ਼ਕਸ਼ ਤੇ ਦੁਬਈ ਪਹੁੰਚ ਗਿਆ ਹੈ।

● ● ●

## ਖੁਸ਼ਖ਼ਬਰੀ

**ਆਪ ਸਭ ਮੈਂਬਰ ਸਾਹਿਬਾਨ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਜੋ ਇਨਕਮ ਟੈਕਸ ਦੀ ਛੂਟ 80-ਜੀ ਦੇ ਨੀਚੇ ਮਿਲਦੀ ਹੈ, ਉਸ ਦੀ ਮਨਜ਼ੂਰੀ ਕਾਫ਼ੀ ਲੰਮੇ ਸਮੇਂ ਤੋਂ ਨਹੀਂ ਲਈ ਗਈ ਸੀ। ਪ੍ਰੰਤੂ ਉਸ ਦੀ ਮਨਜ਼ੂਰੀ ਵਿੱਤ ਵਰਸ਼ 2023-24, 2024-25 ਅਤੇ 2025-26 ਲਈ ਹੁਣ ਪ੍ਰਾਪਤ ਕਰ ਲਈ ਗਈ ਹੈ। ਹੁਣ ਮੈਂਬਰ ਸਾਹਿਬਾਨ ਜੋ ਦਾਨ ਦਿੰਦੇ ਹਨ, ਉਹ ਇਨਕਮ ਟੈਕਸ ਦੀ ਛੂਟ ਪ੍ਰਾਪਤ ਕਰ ਸਕਣਗੇ।**

● ● ●

**ਝੂਠ ਵੀ ਬੜੀ ਅਜੀਬ ਚੀਜ਼ ਹੈ, ਬੋਲਣਾ ਸਭ ਨੂੰ ਚੰਗਾ ਲੱਗਦਾ ਹੈ ਤੇ ਸੁਣਨਾ ਸਭ ਨੂੰ ਬੁਰਾ।**

# ਖੇਡਾਂ, ਪੰਜਾਬ ਅਤੇ ਸਿਆਸਤ




**ਗੁਰਮੀਤ ਸਿੰਘ ਪਲਾਹੀ**
98158-02070


ਖੇਡਾਂ, ਖੇਡਣੀਆਂ ਪੰਜਾਬੀਆਂ ਦਾ ਸੁਭਾਅ ਹੈ। ਖੇਡ, ਖੇਡ ਦੇ ਮੈਦਾਨ ਦੀ ਹੋਵੇ, ਖੇਡ ਸਿਆਸਤ ਦੀ ਹੋਵੇ, ਖੇਡ ਪੰਜਾਬੀ ਗ੍ਰਿਹਸਥੀ ਜੀਵਨ ਦੀ ਹੋਵੇ। ਪੰਜਾਬੀਆਂ ਦੀ ਖੇਡ ਨਿਰਾਲੀ ਹੈ, ਨਿਵੇਕਲੀ ਹੈ, ਕਿਧਰੇ ਦਿਲ-ਮਨ ਨੂੰ ਛੂਹ ਲੈਣ ਵਾਲੀ ਹੈ, ਕਿਧਰੇ ਜਾਨ ਲੇਵਾ ਹੈ, ਅਤੇ ਕਿਧਰੇ ਦੂਸਰਿਆਂ ਨੂੰ ਸਬਕ ਸਿਖਾਉਣ ਵਾਲੀ ਹੈ। ਕਿਧਰੇ ਆਪਣਾ ਉਜਾੜਾ ਆਪ ਪਾਉਣ ਵਾਲੀ ਹੈ।

ਸਿਆਸਤ ਦੀਆਂ ਅੰਦਰਲੀਆਂ ਪੇਚਦਗੀਆਂ ਜਾਂ ਗੁੰਝਲਾਂ ਤੋਂ ਅਨਜਾਣ, ਕਿਸੇ ਦੂਜੇ ਦੀ ਗੱਲ ਨੂੰ ਸਹਿਜ-ਸੁਭਾਅ ਮੰਨ ਲੈਣ ਵਾਲੇ ਪੰਜਾਬੀ, ਖੇਡ ਖੇਤਰ 'ਚ ਮੱਲਾਂ ਮਾਰਨ ਲਈ ਮਸ਼ਹੂਰ ਤਾਂ ਹੋਏ ਹੀ, ਦੇਸੀਂ-ਪ੍ਰਦੇਸੀਂ ਜੁਸਿਆਂ ਦੇ ਬੱਲ 'ਤੇ, ਸੋਚ ਦੇ ਜ਼ੋਰ ਨਾਲ, ਤਰਕੀਬਾਂ ਅਤੇ ਮਿਲਾਪੜੇ ਸੁਭਾਅ ਨਾਲ ਆਪਣੇ ਕੱਦ ਕਾਠ ਵਧਾਉਣ 'ਚ ਸਫ਼ਲ ਹੋਏ। ਇੰਜ ਵਿਸ਼ਵ ਪੱਧਰ 'ਤੇ ਵਿਚਰਦਿਆਂ ਉਹਨਾ ਨਾ ਆਪਣੀ ਮਾਂ-ਬੋਲੀ ਛੱਡੀ, ਨਾ ਆਪਣੀ ਮਾਂ-ਖੇਡ ਕਬੱਡੀ ਨੂੰ ਤੱਜਿਆ, ਨਾ ਪਹਿਲਵਾਨੀ ਤੋਂ ਮੂੰਹ ਮੋੜਿਆ, ਨਾ ਆਪਣੇ ਰੰਗਲੇ ਸਭਿਆਚਾਰ ਨੂੰ ਤਲਾਜ਼ਲੀ ਦਿੱਤੀ। ਆਪਣੇ ਸਭਿਆਚਾਰ, ਆਪਣੀ ਨਿੱਜੀ ਧਰਮ ਨੂੰ ਤਾਂ ਉਸ ਆਪਣੀ ਜ਼ਿੰਦਗੀ ਤੋਂ ਬਾਹਰ ਹੋਣ ਹੀ ਨਹੀਂ ਸੀ ਦੇਣਾ!

ਪੰਜਾਬੀਆਂ ਦਾ ਖੇਡਾਂ ਨਾਲ ਮੋਹ, ਆਪਣੇ ਖੇਤਾਂ ਨਾਲ ਮੋਹ ਜਿਹਾ ਹੈ। ਖੇਤ ਵੱਟ ਲਈ ਸ਼ਰੀਕਾਂ ਨਾਲ ਵੱਢ-ਟੁੱਕ ਮਾਰ-ਵੱਢ, ਗਾਲੀ ਗਲੋਚ, ਆਪਣੇ ਹੱਕ ਲਈ ਲੜਾਈ ਉਹਦੇ ਕਣ-ਕਣ 'ਚ ਵਸੀ ਹੋਣ ਕਰਕੇ ਜੁੱਸਿਆਂ ਦੀ ਤਾਕਤ ਵਧਾਉਣਾ, ਸਰੀਰਾਂ ਨੂੰ ਪਾਲਣਾ ਤਾਕਤ ਦਾ ਦਿਖਾਵਾ ਕਰਨਾ ਅਤੇ ਫਿਰ ਉਸੇ ਤਾਕਤ ਨੂੰ ਕਿਸੇ ਥਾਂ ਸਿਰ ਕਰਨਾ ਪੰਜਾਬੀਆਂ ਦਾ ਸ਼ੌਕ ਹੈ। ਬੱਦਲਾਂ ਦੀ ਗਰਜਣ, ਬਿਜਲੀ ਦੀ ਗੜਕਣ ਅਤੇ ਲਿਸ਼ਕਣ ਦਾ ਕਦੇ ਉਹਨਾਂ ਦੇ ਮਨ 'ਚ ਡਰ ਨਹੀਂ ਰਿਹਾ। ਉਹ ਜਦੋਂ ਲੜਦੇ ਹਨ, ਭਿੜਦੇ ਹਨ, ਕਬੱਡੀ ਦੇ ਮੈਦਾਨ ਵਿੱਚ, ਪਹਿਲਵਾਨੀ ਅਖਾੜੇ ਵਿੱਚ, ਸ਼ੈਲ-ਛਬੀਲੇ ਗੱਭਰੂ, ਦਹਾੜਦੇ ਹਨ, ਤਾਂ ਮੋਰ ਦੀ ਪੈਲਾਂ ਵੀ ਫਿੱਕੀਆਂ ਪੈ ਜਾਂਦੀਆਂ ਹਨ, ਸ਼ੇਰਾਂ ਦੀ ਗਰਜਨਾ ਵੀ ਲੋਕਾਂ ਨੂੰ ਭੁੱਲ ਜਾਂਦੀ ਹੈ। ਖੇਡ, ਤਾਂ ਪੰਜਾਬੀਆਂ ਲਈ ਉਹਨਾਂ ਦਾ ਵਿਰਸਾ ਹੈ, ਬਾਬੇ ਨਾਨਕ ਦੀ ਬਾਣੀ ਦਾ ਸੱਚ ਹੈ, ਜਿਹਨੂੰ ਉਹ ਪੱਲੇ ਬੰਨ ਜ਼ਿੰਦਗੀ 'ਚ ਵਿਚਰਦਾ ਹੈ, ਪ੍ਰਾਪਤੀਆਂ ਕਰਦਾ ਹੈ, ਉਹਦੇ ਗੁਣ ਗਾਉਂਦਾ ਹੈ, ਉਹਦਾ ਲੱਖ-ਲੱਖ ਸ਼ੁਕਰ ਮਨਾਉਂਦਾ ਹੈ।

ਪਿੰਡ ਦੀ ਸ਼ਾਮ ਵੇਖ ਲਓ, ਭਾਵੇਂ ਸਵੇਰ! ਖੇਡਾਂ ਦਾ ਝਲਕਾਰਾ ਪਿੰਡਾਂ ਦੀ ਬਰੂਹਾਂ 'ਚ ਦਿਸਦਾ ਹੈ। ਬਿਨ੍ਹਾਂ ਸ਼ੱਕ ਪੰਜਾਬੀ ਜੁਸਿਆਂ ਤੇ ਸੁਭਾਅ ਲੂੰ ਉਜਾੜਨ ਦੇ ਨਸ਼ਿਆਂ ਦੇ ਸਾਜ਼ਿਸ਼ੀ ਹਮਲਿਆਂ ਨੇ ਪੰਜਾਬੀ ਨੌਜਵਾਨਾਂ, ਬੱਚਿਆਂ, ਮੁਟਿਆਰਾਂ ਦੇ ਰਾਹ ਔਝੜੇ ਕੀਤੇ ਹਨ। ਮੁੰਡੇ, ਮੋਟਰਸਾਈਕਲ, ਮੋਬਾਇਲ, ਵਿਦੇਸ਼ੀ ਰਾਹ ਪਾਉਣ ਦੇ ਰਾਹ ਪਾ ਦਿਤੇ ਗਏ ਹਨ, ਮੁਟਿਆਰਾਂ ਵੀ ਕਿਸੇ ਤਰ੍ਹਾਂ ਰੀਸੋ-ਰੀਸੀ ਉਹ ਹਰ ਸ਼ੌਕ ਪਾਲ ਰਹੀਆਂ ਹਨ, ਜੋ ਮੁੰਡੇ ਹੰਢਾਉਂਦੇ ਹਨ, ਪਰ ਖੇਡਾਂ ਹਾਲੇ ਵੀ ਪੰਜਾਬੀਆਂ ਲਈ ਜੀਵਨ-ਜਾਚ ਹਨ। ਖੇਡਾਂ ਹਾਲੇ ਵੀ ਉਹਨਾ ਦੇ ਖ਼ੂਨ 'ਚ ਰਚੀਆਂ ਹੋਈਆਂ ਹਨ। ਖੇਡਾਂ ਅਤੇ ਭੰਗੜੇ ਦੀ ਤਾਲ-ਸੁਰ, ਗਿੱਧੇ ਦੀ ਧਮਾਲ ਤੇ ਬੋਲੀਆਂ ਨੂੰ, ਬਾਬੇ ਦੀ ਬਾਣੀ ਨੂੰ, ਕਿਹੜਾ ਸਿਆਸੀ ਦਲਾਲ, ਕਿਹੜਾ ਸਿਆਸੀ ਭਗਵਾਂਪਨ, ਕਿਹੜਾ ਸਿਆਸੀ ਡਿਕਟੇਟਰ, ਪੰਜਾਬੀਆਂ ਤੋਂ ਖੋਹ ਸਕਦਾ ਹੈ, ਜਾਂ ਖੋਹ ਸਕਿਆ ਹੈ? ਭਾਵੇਂ ਇਹ ਖੋਹਣ ਦੇ ਯਤਨ '47 'ਚ ਵੀ ਹੋਏ, '84 'ਚ ਵੀ ਹੋਏ, ਨਸ਼ਿਆਂ ਦੀ ਮਾਰ ਅਤੇ ਖਾੜਕੂਵਾਦ ਸਮੇਂ ਸ਼ਰੇਆਮ ਹਜ਼ਾਰਾਂ ਨੌਜਵਾਨਾਂ ਦੇ ਮਾਰਨ, ਲਾਪਤਾ ਕਰਨ ਦੇ ਯਤਨਾਂ ਨਾਲ ਵੀ ਹੋਏ ਅਤੇ ਹੁਣ ਕਿਸਾਨਾਂ ਵਿਰੁੱਧ ਕਾਲੇ ਕਾਨੂੰਨ ਪਾਸ ਕਰਕੇ, ਉਹਨਾਂ ਦੀ ਜ਼ਮੀਨ ਨੂੰ, ਉਹਨਾਂ ਦੀ ਹੋਂਦ ਨੂੰ, ਉਹਨਾਂ ਦੀ ਅਣਖ਼ ਨੂੰ ਖ਼ਤਰਾ ਪੈਦਾ ਕਰਕੇ ਵੀ ਹੋਏ! ਪਰ, ਪੰਜਾਬੀ, ਪ੍ਰੋ: ਪੂਰਨ ਸਿੰਘ ਦੇ ਸ਼ਬਦਾਂ 'ਚ "ਟੈਂਅ ਨਾ ਮੰਨਣ ਕਿਸੇ ਦੀ"।

ਪੰਜਾਬ ਦਾ ਪਿੰਡ ਕਦੇ ਉਦਾਸ ਹੁੰਦਾ ਹੈ, ਕਦੇ ਹੁਲਾਸ ਨਾਲ ਭਰਦਾ ਹੈ। ਉਦਾਸ ਹੁੰਦਾ ਹੈ ਉਦੋਂ ਜਦੋਂ ਕੋਈ ਜੁਆਨ ਨਸ਼ੇ ਦੀ ਬਲੀ ਚੜ੍ਹਦਾ ਹੈ, ਜਦੋਂ ਕੋਈ ਕਿਸਾਨ ਸ਼ਤੀਰਾਂ ਨਾਲ ਲਟਕ ਜਾਂਦਾ ਹੈ, ਖ਼ੁਦਕੁਸ਼ੀ ਕਰ ਜਾਂਦਾ ਹੈ, ਪਰ ਖ਼ੁਸ਼ ਹੁੰਦਾ ਹੈ ਉਦੋਂ ਜਦੋਂ ਹਾਕੀ ਜਿੱਤ ਪੰਜਾਬੀ ਖਿਡਾਰੀ ਵਰ੍ਹਿਆਂ ਬਾਅਦ ਦੇਸ਼ ਨੂੰ ਖ਼ੁਸ਼ੀ ਦਿੰਦੇ ਹਨ। ਪੰਜਾਬ ਦਾ ਪਿੰਡ ਉਦਾਸ ਹੁੰਦਾ ਹੈ ਉਦੋਂ ਜਦੋਂ ਧੀਆਂ ਦਾ ਕੁੱਖ 'ਚ ਕਤਲ ਕੀਤਾ ਜਾਂਦਾ ਹੈ, ਖ਼ੁਸ਼ ਹੁੰਦਾ ਹੈ ਉਦੋਂ ਜਦੋਂ ਧੀਆਂ ਖੇਡਾਂ, ਪੜ੍ਹਾਈ ਦੇ ਖੇਤਰ 'ਚ ਵੱਡੀਆਂ ਪ੍ਰਾਪਤੀਆਂ ਕਰਦੀਆਂ ਹਨ ਅਤੇ ਮਾਪਿਆਂ ਤੇ ਸਮਾਜ ਦੀ ਖ਼ੁਸ਼ੀ ਦਾ ਬਾਰੋਬਰ ਦਾ ਹਿੱਸਾ ਬਣਦੀਆਂ ਹਨ।

ਪੰਜਾਬ ਦੇ ਪਿੰਡਾਂ ਦੇ ਪਹਿਲਵਾਨੀ ਅਤੇ ਕਬੱਡੀ ਦੇ ਅਖ਼ਾੜੇ, ਫੁੱਟਬਾਲ, ਬਾਲੀਵਾਲ ਦੇ ਮੈਦਾਨ, ਪਿੰਡ ਦਾ ਸ਼ਿੰਗਾਰ ਹਨ। ਸਵੇਰੇ, ਸ਼ਾਮੀ ਬੱਚੇ, ਨੌਜਵਾਨ ਜਦੋਂ ਖੇਡ ਮੈਦਾਨ 'ਚ ਬੁੱਕਦੇ ਹਨ, ਪ੍ਰੈਕਟਿਸ ਕਰਦੇ ਹਨ, ਜੁੱਸਿਆਂ ਨੂੰ ਤਕੜਾ ਸੁਡੋਲ ਕਰਦੇ ਹਨ ਅਤੇ ਫਿਰ ਕਬੱਡੀ, ਫੁੱਟਬਾਲ, ਮੁਕਾਬਲਿਆਂ 'ਚ ਹਿੱਸਾ ਲੈਂਦੇ ਹਨ ਤਾਂ ਨਜ਼ਾਰਾ ਵੇਖਿਆਂ ਹੀ ਬਣਦਾ ਹੈ। ਖ਼ੁਸ਼ੀ ਦੇ ਪਲ ਤਾਂ ਖੇਡ ਮੈਦਾਨ ਉਦੋਂ ਹੰਢਾਉਂਦਾ ਹੈ, ਜਦੋਂ ਪਿੰਡਾਂ 'ਚ ਫੁੱਟਬਾਲ ਟੂਰਨਾਮੈਂਟ, ਵੇਟ ਲਿਫਟਿੰਗ ਮੁਕਾਬਲੇ ਅਤੇ ਕਬੱਡੀ ਦੇ ਵਿਸ਼ਵ-ਪੱਧਰੀ ਮੁਕਾਬਲੇ ਪ੍ਰਵਾਸੀ ਵੀਰਾਂ ਦੇ ਸਹਿਯੋਗ ਨਾਲ ਪਿੰਡਾਂ 'ਚ ਕਰਵਾਏ ਜਾਂਦੇ ਹਨ। ਨੌਜਵਾਨਾਂ ਨੂੰ ਖੇਡਾਂ 'ਚ ਰੁਚਿਤ ਹੋਣ ਦਾ ਹੁਲਾਰਾ ਦਿੰਦੇ ਹਨ। ਇਹ ਹੁਲਾਸ ਵਰ੍ਹੇ ਭਰ ਅਗਲੇ ਸਾਲ 'ਚ ਇੱਕ ਨਵੀਂ ਆਸ ਨਾਲ ਜੀਉਂਦਾ ਜਾਗਦਾ ਹੈ, ਪਿੰਡ ਦੇ ਜਾਗਣ ਵਾਂਗਰ, ਜੋ ਕਦੇ ਸੌਂਦਾ ਨਹੀਂ, ਖ਼ਬਰਦਾਰ ਰਹਿੰਦਾ ਹੈ, ਆਪਣੇ ਬੱਚਿਆਂ ਲਈ, ਆਪਣੇ ਪੁੱਤਾਂ, ਧੀਆਂ ਲਈ, ਆਪਣੇ ਵਿਰਸੇ-ਸਭਿਆਚਾਰ ਲਈ ਅਤੇ ਸਭ ਤੋਂ ਵੱਧ ਮਾੜੇ-ਭੈੜੇ ਉਹਨਾਂ ਲੋਕਾਂ ਤੋਂ

ਆਪਣੇ ਭਵਿੱਖ ਨੂੰ ਬਚਾਉਣ ਲਈ, ਜਿਹੜੇ ਉਹਨਾਂ ਪੱਲੇ ਭ੍ਰਿਸ਼ਟਾਚਾਰ ਪਾ ਰਹੇ ਹਨ, ਉਹਨਾਂ 'ਚ ਧੜੇ-ਬੰਦੀ ਦੇ ਬੀਅ ਬੀਜ ਰਹੇ ਹਨ, ਜਿਹੜੇ ਨਫ਼ਰਤ-ਸਾੜੇ ਦੀ ਸਿਆਸਤ ਕਰਕੇ ਧਰਮ-ਜਾਤ ਦੀ ਵੰਡ ਦਾ ਵਖਰੇਵਾਂ ਪਾ ਕੇ, ਵੋਟ ਰਾਜੀਨੀਤੀ ਦੀ ਖਾਤਰ ਸਭੋ ਕੁਝ ਹਥਿਆਉਣਾ ਚਾਹੁੰਦੇ ਹਨ, ਪਿੰਡ ਵੀ, ਖੇਤ ਵੀ, ਖੇਡ ਵੀ ਅਤੇ ਮਨੁੱਖੀ ਜ਼ਿੰਦਗੀ ਵੀ।

ਪੰਜਾਬੀਆਂ ਦੀ ਪਹਿਲੀ ਕਿਲਕਾਰੀ ਖੇਡ ਹੈ। ਬਚਪਨ, ਜੁਆਨੀ, ਬੁਢਾਪਾ ਉਹਨਾਂ ਨੂੰ ਕਿਸੇ ਹੀਲੇ ਵੀ ਖੇਡ ਤੋਂ ਵੱਖ ਨਹੀਂ ਹੋਣ ਦਿੰਦਾ। ਇਹੋ ਖੇਡ ਦਾ ਰੰਗ, ਉਹਨਾ ਨੂੰ ਸਰਹੱਦਾਂ ਦੀ ਰਾਖੀ ਲਈ ਭੇਜਦਾ ਹੈ, ਇਹੋ ਖੇਡ ਦਾ ਰੰਗ ਉਹਨਾ ਨੂੰ ਨਿਹੱਕਿਆਂ ਦੇ ਹੱਕ 'ਚ ਖੜ੍ਹਨ, ਉਹਨਾਂ ਲਈ ਜਾਨ ਵਾਰਨ ਅਤੇ ਆਪਣੀ ਹੱਕ ਪ੍ਰਾਪਤੀ ਦੇ ਸੰਘਰਸ਼ ਲਈ ਪ੍ਰੇਰਦਾ ਹੈ। ਖੇਡ, ਖੇਡ 'ਚ ਪੰਜਾਬੀ ਵੱਡੀਆਂ ਪ੍ਰਾਪਤੀਆਂ ਕਰਦੇ ਹਨ। ਪਰ ਖੇਡ, ਖੇਡ 'ਚ ਅਤੀਤ 'ਚ ਉਹਨਾਂ ਬਹੁਤ ਕੁਝ ਗੁਆਇਆ ਹੈ। ਸਿਆਸੀ ਖੇਡਾਂ 'ਚ ਦਿੱਲੀ ਹੱਥੋਂ ਪੰਜਾਬੀ ਮਾਤ ਖਾਂਦੇ ਰਹੇ ਹਨ, ਪਰ ਕਦੇ ਝੁਕੇ ਨਹੀਂ, ਅੜੇ ਰਹੇ, ਖੜ੍ਹੇ ਰਹੇ, ਬੜਾ ਕੁਝ ਗੁਆਇਆ ਧਨ, ਦੌਲਤ, ਸਰੀਰ, ਮਨ ਦਾ ਚੈਨ ਪਰ ਬੜਾ ਕੁਝ ਪਾਇਆ ਅਣਖ਼, ਸੰਤੁਸ਼ਟੀ ਅਤੇ ਟੌਹਰ-ਟੱਪਾ। ਬਿਨ੍ਹਾਂ ਸ਼ੱਕ ਅਫਗਾਨੇ-ਕਸ਼ਮੀਰੇ-ਦਿੱਲੀ ਤੱਕ ਰਾਜ ਕੀਤਾ, ਪਰ ਇਮਾਨਦਾਰ ਖੇਡ ਦੀ ਕਰਾਮਾਤ ਹੀ ਕਹਾਂਗੇ, ਸਭੋ ਕੁਝ ਸਿਮਟ ਪੰਜ ਦਰਿਆਵਾਂ ਨੂੰ ਸੰਭਾਲ ਲਿਆ। ਪਰ ਸਿਆਸੀ ਰੰਗ ਢੰਗ ਦੀ ਖੇਡ ਨੇ, ਉਹਦੇ ਢਾਈ ਦਰਿਆ ਹੀ ਪੱਲੇ ਰਹਿਣ ਦਿੱਤੇ। ਰਾਜਧਾਨੀ ਤੇ ਪੰਜਾਬੀ ਬੋਲਦੇ ਇਲਾਕੇ ਤਾਂ ਸਾਜ਼ਿਸ਼ਨ ਉਹਨਾਂ ਹਥਿਆਉਣੇ ਹੀ ਸਨ, ਪੰਜਾਬ ਦੇ ਦਰਿਆਵਾਂ ਦਾ ਪਾਣੀ ਵੀ ਖੋਹ ਲਿਆ। ਪੰਜਾਬੀ, ਜਿਹੜੇ ਅਧਾਰ 'ਤੇ ਸੂਬਾ ਪੰਜਾਬ ਬਣਿਆ ਸੀ, ਸਿਆਸਤਦਾਨਾਂ ਦੀ ਬੇਰੁਖ਼ੀ ਕਾਰਨ ਪੰਜਾਬੀ ਮਾਂ ਬੋਲੀ, ਮਤਰੇਈ ਮਾਂ ਵਾਲਾ ਸਲੂਕ ਹੰਢਾ ਰਹੀ ਹੈ। ਇਹ ਖੇਡਾਂ, ਇਹ ਚਾਲਾਂ ਇਹ ਸਾਜ਼ਿਸ਼ਾਂ ਹੰਢਾਉਣ ਲਈ ਆਦੀ ਹੋ ਚੁੱਕੇ ਪੰਜਾਬੀ ਫਿਰ ਵੀ ਖੇਡਾਂ ਨਹੀਂ ਭੁਲੇ, ਮੇਲੇ ਨਹੀਂ ਭੁਲੇ, ਸਭਿਆਚਾਰ ਨਹੀਂ ਭੁਲੇ! ਆਪਣਾ ਵਿਰਸਾ ਉਹਨਾ ਦੀ ਕੁੱਖ 'ਚ ਪਲ ਰਿਹਾ।

ਪਰ ਸਰਕਾਰਾਂ ਖੇਡਾਂ ਨਾਲ ਮਜ਼ਾਕ ਕਰ ਰਹੀਆਂ ਹਨ। ਕਦੇ ਕਦਾਈ ਖੇਡਾਂ ਨੂੰ ਸਿਆਸਤ ਲਈ ਵਰਤਦੀਆਂ ਨਜ਼ਰ ਆਉਂਦੀਆਂ ਹਨ। ਪਿਛਲੇ ਵਰ੍ਹਿਆਂ 'ਚ ਵਿਸ਼ਵ ਕਬੱਡੀ ਟੂਰਨਾਮੈਂਟ ਕਿਸੇ ਸਿਆਸੀ ਧਿਰ ਵਾਲੀ ਸਰਕਾਰ ਨੇ ਕਰਵਾਏ, ਆਪਣੀ ਸਿਆਸੀ ਹਿੱਤਾਂ ਦੀ ਪੂਰਤੀ ਲਈ, ਉਵੇਂ ਹੀ ਜਿਵੇਂ ਵਰ੍ਹਿਆਂ-ਬੱਧੀ ਪੰਜਾਬੀ 'ਚ ਪ੍ਰਵਾਸੀ ਸੰਮੇਲਨ ਕਰਵਾਏ ਵੋਟਾਂ ਦੀ ਪ੍ਰਾਪਤੀ ਲਈ! ਪਰ ਪੰਜਾਬੀਆਂ ਕੀ ਖੱਟਿਆ?

ਪੰਜਾਬ ਸਰਕਾਰਾਂ ਕਦੇ ਖੇਡਾਂ ਨੂੰ ਉਤਸ਼ਾਹਿਤ ਕਰਨ ਵੱਲ ਨਜ਼ਰ ਸਵੱਲੀ ਨਹੀਂ ਕੀਤੀ। ਕਿਥੇ ਗਏ ਹਰ ਵਰ੍ਹੇ ਪੰਚਾਇਤਾਂ, ਪਿੰਡਾਂ 'ਚ ਕਰਵਾਏ ਜਾਣ ਵਾਲੇ ਬਲਾਕ, ਜ਼ਿਲ੍ਹਾ, ਸੂਬਾ ਪੱਧਰੀ ਖੇਡ ਮੁਕਾਬਲੇ? ਸਿਰਫ਼ ਸਕੂਲਾਂ 'ਚ ਸਿਮਟ ਕੇ ਰਹਿ ਗਏ ਹਨ ਇਹ ਖੇਡ ਮੁਕਾਬਲੇ, ਖੋਹ-ਖੋਹ, ਕਬੱਡੀ, ਫੁੱਟਬਾਲ, ਵਾਲੀਬਾਲ ਟੇਬਲ ਟੈਨਿਸ ਦੇ ਮੁਕਾਬਲਿਆਂ ਤੱਕ ਸੀਮਤ, ਉਹ ਵੀ ਖ਼ਾਨਾ ਪੂਰਤੀ ਲਈ। ਕਿੰਨੇ ਸਟੇਡੀਅਮ ਹਨ ਸਰਕਾਰ ਦੇ ਸੂਬੇ 'ਚ? ਕਿੰਨੀਆਂ ਜਿੰਮਾਂ ਹਨ, ਪੰਜਾਬ 'ਚ? ਕਿੰਨੇ ਕੋਚ ਭਰਤੀ ਕੀਤੇ ਹਨ ਖੇਡ ਵਿਭਾਗ 'ਚ? ਕਿੰਨੇ ਪੀ.ਟੀ.ਆਈ., ਡੀ.ਪੀ.ਆਈ. ਸਿੱਖਿਆ ਵਿਭਾਗ 'ਚ ਤਾਇਨਾਤ ਹਨ? ਕਿੰਨਾ ਬਜ਼ਟ ਹੈ ਖੇਡ ਵਿਭਾਗ ਦਾ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ? ਪਰ ਤਸੱਲੀ ਵਾਲੀ ਗੱਲ ਹੈ ਪਿੰਡ ਸੰਸਾਰਪੁਰ 'ਚ ਹਾਕੀ ਮੈਦਾਨ ਦਾ ਅੰਤਰਰਾਸ਼ਟਰੀ ਪੱਧਰ ਦਾ ਮੈਦਾਨ ਹੈ। ਇਹ ਵੀ ਤਸੱਲੀ ਵਾਲੀ ਗੱਲ ਹੈ ਕਿ ਵੱਡੀ ਗਿਣਤੀ ਪੰਜਾਬੀ ਖਿਡਾਰੀ, ਭਾਰਤੀ ਹਾਕੀ ਟੀਮ ਦਾ ਹਿੱਸਾ ਹਨ। ਇਹ ਉਹਨਾਂ ਦੀ ਲਗਨ, ਮਿਹਨਤ, ਸਿਰੜ ਦਾ ਸਿੱਟਾ ਹੈ। ਇਹ ਵੀ ਤਸੱਲੀ ਵਾਲੀ ਗੱਲ ਹੈ ਕਿ ਜੇਤੂ ਖਿਡਾਰੀਆਂ ਦਾ ਪੰਜਾਬ ਸਰਕਾਰ 'ਤੇ ਪੰਜਾਬੀਆਂ ਮਾਣ-ਸਨਮਾਨ ਕੀਤਾ ਹੈ। ਬਹੁਤ ਸਾਰੇ ਪਿੰਡਾਂ 'ਚ ਖੇਡਾਂ ਸਟੇਡੀਅਮ ਹਨ, ਜਿੰਮਾਂ ਹਨ, ਪਹਿਲਵਾਨਾਂ ਦੇ ਅਖਾੜੇ ਹਨ। ਰਾਏਕੋਟ 'ਚ ਲੋਕ-ਖੇਡਾਂ ਹੁੰਦੀਆਂ ਹਨ। ਜਲੰਧਰ 'ਚ ਹਾਕੀ ਟੂਰਨਾਮੈਂਟ ਹੁੰਦੇ ਹਨ।


ਪਰ ਪੰਜਾਬ ਸਰਕਾਰ ਦੀ ਖੇਡ ਪਾਲਿਸੀ ਕਿਥੇ ਹੈ? ਸੂਬੇ ਦਾ ਖੇਡ ਵਿਭਾਗ ਕਾਗਜ਼ਾਂ 'ਚ ਹੋਏਗਾ, ਅਮਲਾਂ 'ਚ ਪੰਜਾਬ 'ਚ ਕਿਧਰੇ ਵਿਖਾਈ ਨਹੀਂ ਦੇਂਦਾ। ਪਿੰਡਾਂ ਦੀਆਂ ਬਰੂਹਾਂ 'ਚ ਤਾਂ ਉਸਦੀ ਦਸਤਕ ਨਾ-ਮਾਤਰ ਹੈ। ਇੰਜ ਕਿਵੇਂ ਚੱਲੇਗਾ ਪੰਜਾਬ ਦਾ ਖੇਡ ਸਭਿਆਚਾਰ? ਇੰਜ ਕਿਵੇਂ ਬਚੇਗਾ ਪੰਜਾਬ? ਇਕੱਲੀ ਸਰਕਾਰ ਹੀ ਕਿਉਂ, ਸਾਡੇ ਪੰਜਾਬੀ ਧੁਰੰਤਰ, ਪੰਜਾਬੀ-ਬੁੱਧੀਜੀਵੀ, ਸੁਚੇਤ ਪੰਜਾਬੀ ਆਪਣੇ ਮਾਮਲਿਆਂ, ਆਪਣੇ ਨਾਲ ਹੁੰਦੇ ਧੱਕਿਆਂ, ਪੰਜਾਬੀਆਂ ਦੀ ਰੂਹ ਖੇਡਾਂ ਨਾਲ ਹੋ ਰਹੇ ਵਿਤਕਰੇ ਸਬੰਧੀ ਚੁੱਪ ਕਿਉਂ ਧਾਰੀ ਬੈਠੇ ਹਨ? ਅਸੀਂ ਜਿਹੜੇ ਢੁੱਠਾਂ ਵਾਲੇ, ਵੱਡੇ ਉੱਦਮੀ, ਬਾਬੇ ਨਾਨਕ ਦੇ ਪੈਰੋਕਾਰ ਕਹਾ ਖੁਸ਼ੀ 'ਚ ਫੁੱਲੇ ਨਹੀਂ ਸਮਾਂ ਰਹੇ, ਆਖ਼ਿਰ ਆਪਣੀ ਹਾਲਤ ਕ੍ਰਾਂਤੀਕਾਰੀ ਕਵੀ ਲਾਲ ਸਿੰਘ ਦਿਲ ਦੀ ਕਵਿਤਾ "ਅਸੀਂ ਵੱਡੇ ਵੱਡੇ ਪਹਿਲਵਾਨ" ਵਾਲੀ ਕਿਉਂ ਬਣਾ ਬੈਠੇ ਹਾਂ? ਲਉ ਪੜ੍ਹੋ ਕਵੀ ਦੇ ਬੋਲ :-

**"ਅਸੀਂ ਵੱਡੇ ਵੱਡੇ ਪਹਿਲਵਾਨ**
**ਸਵੇਰੇ ਹੀ ਕੱਸ ਲੈਂਦੇ ਹਾਂ ਲੰਗੋਟੇ**
**ਲੜਨ ਲਈ ਭੁੱਖ ਨੰਗ ਨਾਲ**
**ਜੋੜ ਤੋੜ ਜੋੜ ਤੋੜ ਕਰਦੇ ਰਹਿਣਾ ਸਾਡੀ ਕਸਰਤ ਹੈ**
**ਦਾਅ ਬਹੁਤ ਡਾਢੇ ਨੇ**
**ਬੋਲਣ ਦੀ ਥਾਂ ਚੁੱਪ ਕਰ ਜਾਣਾ**
**ਪੀਣ ਦੀ ਥਾਂ ਪਿਆਸੇ ਮਰ ਜਾਣਾ**
**ਖਾਣ ਦੀ ਥਾਂ ਕਸਮ ਖਾਣੀ ਲੜਦੇ ਰਹਿਣ ਦੀ**
**ਪਛਾੜਦੇ ਹਾਂ ਵੱਡੇ ਵੱਡੇ ਪਹਿਲਵਾਨ**
**ਗਰਦਨ 'ਤੇ ਗੋਡਾ ਧਰ ਕੇ**
**ਖੇਤ ਪਏ ਗਧੇ ਵਾਲੀ ਜੂਨ ਭੋਗਦੇ ਹਾਂ**
**ਪਰ ਤਾਂ ਵੀ ਅਸੀਂ ਵੱਡੇ-ਵੱਡੇ ਪਹਿਲਵਾਨ**
**ਸਵੇਰੇ ਹੀ ਲੰਗੋਟੇ ਕੱਸ ਲੈਂਦੇ ਹਨ।"**

*****

**ਜੋ ਦੁੱਖ ਮਿਲੇ ਇਮਤਿਹਾਨ ਮੇਰਾ, ਜੋ ਸੁੱਖ ਮਿਲੇ ਅਸ਼ੀਰਵਾਦ ਤੇਰਾ।**

# ਮੈਰਿਜ ਪੈਲੇਸਾਂ ਨੇ ਵਿਆਹਾਂ ਵਿਚੋਂ ਗਾਇਬ ਕੀਤਾ ਸਾਡਾ ਸੱਭਿਆਚਾਰ



ਅੱਜ ਦੇ ਯੁੱਗ ਵਿਚ ਵਿਆਹ ਆਮ ਕਰਕੇ ਛੋਟੇ-ਵੱਡੇ ਮੈਰਿਜ ਪੈਲੇਸਾਂ ਵਿਚ ਕਰਨ ਦਾ ਹੀ ਵਰਤਾਰਾ ਚੱਲ ਪਿਆ ਹੈ। ਵਿਆਹ ਪੁਰਾਤਨ ਸਮੇਂ ਵਾਂਗ ਚਾਆਂ ਮਲਾਰਾਂ ਨਾਲ ਭਰਿਆ, ਸਮੁੱਚੇ ਪਰਿਵਾਰ ਤੇ ਰਿਸ਼ਤੇਦਾਰਾਂ ਲਈ ਇਕ ਸਭਿਆਚਾਰਕ ਸੁਭਾਗ ਸਮਾਂ ਨਾ ਹੋ ਕੇ ਸਿਰਫ਼ ਇਕ ਰੀਤੀ ਰਿਵਾਜ਼ ਨੂੰ ਪੂਰਾ ਕਰਨ ਦਾ ਨਾਮ ਹੀ ਰਹਿ ਗਿਆ ਹੈ। ਦੁਪਿਹਰ ਨੂੰ ਬਾਰਾਂ ਕੁ ਵਜੇ ਮੈਰਿਜ ਪੈਲੇਸ ਵਿਚ ਬਰਾਤ ਪਹੁੰਚਦੀ ਹੈ, ਕਈ ਬਰਾਤਾਂ ਤਾਂ ਇਸ ਤੋਂ ਵੀ ਲੇਟ ਪਹੁੰਚਦੀਆਂ ਹਨ। ਪੈਲੇਸ ਦੇ ਬੂਹੇ ਤੇ ਹੀ ਮਿਲਣੀ ਦੀ ਰਸਮ, ਫਿਰ ਚਾਹ ਪਾਣੀ, ਫਿਰ ਕੁਝ ਕੁ ਘਰੇਲੂ ਮੈਂਬਰਾਂ ਨਾਲ ਥੋੜ੍ਹੀ ਜਿਹੀ ਗਿਣਤੀ ਵਿਚ ਲਾਵਾਂ ਫੇਰਿਆਂ ਲਈ ਮੁੰਡੇ ਕੁੜੀ ਨਾਲ ਗੁਰਦੁਆਰੇ, ਬਾਕੀ ਬਰਾਤ ਤੇ ਮੇਲੀ ਪੈਲੇਸ ਵਿਚ ਹੀ ਰੌਣਕਾਂ ਵੇਖਦੇ ਨੇ, ਭਾਵੇਂ ਕਿ ਘਰ ਵਾਲਿਆਂ ਨੇ ਲਾਵਾਂ ਤੋਂ ਪਹਿਲਾਂ ਸਿਵਾਏ ਠੰਡੇ ਪਿਲਾਉਣ ਤੋਂ ਬਾਕੀ ਸਭ ਵਸਤਾਂ ਸ਼ੁਰੂ ਕਰਨ ਤੋਂ ਮਨ੍ਹਾਂ ਕੀਤਾ ਹੁੰਦਾ ਹੈ। ਲਾਵਾਂ ਹੋਣ ਤੋਂ ਬਾਅਦ ਉੱਚੀ ਆਵਾਜ਼ ਵਾਲੇ ਡੀ.ਜੇ. ਤੇ ਸੱਦੇ ਕਲਾਕਾਰਾਂ ਦਾ ਸੰਘ ਪਾੜਵੀ ਆਵਾਜ਼ ਵਿਚ ਸੰਗੀਤਕ ਪ੍ਰੋਗਰਾਮ ਜਾਂ ਡੀ.ਜੇ. ਤੇ ਪਹਿਲਾਂ ਤੋਂ ਹੀ ਰਿਕਾਰਡ ਕੀਤੇ ਗੀਤ ਜੋ ਬਹੁਤ ਹੀ ਉੱਚੀ ਆਵਾਜ਼ ਵਿਚ ਲਗਾਏ ਜਾਂਦੇ ਨੇ ਤਾਂ ਜੋ ਹਾਲ ਵਿਚ ਬੈਠੇ ਲੋਕ ਕਿਸੇ ਹੋਰ ਤਰ੍ਹਾਂ ਦੀ ਗੱਲਬਾਤ ਵਿਚ ਨਾ ਰੁੱਝ ਸਕਣ ਸਗੋਂ ਸਿਰਫ਼ ਤੇ ਸਿਰਫ਼ ਸਟੇਜ਼ ਵੱਲ ਹੀ ਕੇਂਦਰਤ ਰਹਿਣ। ਰੌਲੇ ਰੱਪੇ ਤੋਂ ਬਾਅਦ ਰੋਟੀ ਤੇ ਫਿਰ ਕਿਰਾਏ ਵਾਲੇ ਪੈਲੇਸ ਦੇ ਕਮਰੇ ਤੋਂ ਲੜਕੀ ਨੂੰ ਲੜਕੇ ਦਾ ਲੜ ਫੜਾ ਕੇ ਡੋਲੀ ਵਾਲੀ ਕਾਰ ਤੱਕ ਛੱਡ ਦੇਣਾ। ਲਓ ਜੀ, ਮੁੱਕ ਗਿਆ ਵਿਆਹ। ਪੈਲੇਸ ਵਾਲੇ ਸ਼ਾਮ ਨੂੰ ਹੋ ਰਹੇ ਅਗਲੇ ਪ੍ਰੋਗਰਾਮ ਲਈ ਜਲਦੀ-ਜਲਦੀ ਸਫ਼ਾਈਆਂ ਵਿਚ ਡੱਟ ਜਾਂਦੇ ਨੇ। ਜਿਵੇਂ ਸ਼ੁਕਰ ਕਰ ਰਹੇ ਹੋਣ ਕਿ ਚਲੋ ਇਹਨਾਂ ਦਾ ਨਿਬੜਿਆ, ਬਾਕੀ ਬਾਰੇ ਖਿਆਲ ਕਰੀਏ।


**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅ.ਫਸਰ**
**(ਸੇਵਾ ਮੁਕਤ)**
**ਸੰਪਾਦਕ**
**98141-28181**




ਸਾਡੇ ਬਚਪਨ ਦੇ ਦਿਨਾਂ ਵਿਚ ਵਿਆਹ ਆਮ ਕਰਕੇ ਘਰਾਂ ਵਿਚ ਹੀ ਹੁੰਦੇ ਸੀ, ਕੋਈ ਮੈਰਿਜ ਪੈਲੇਸ ਆਦਿ ਨਹੀਂ ਹੁੰਦੇ ਸੀ। ਇਕ ਦਿਨ ਅਚਾਨਕ ਹੀ ਸਵੇਰੇ-ਸਵੇਰੇ ਕਿਸੇ ਦੇ ਕੋਠੇ ਤੇ ਲੱਗੇ ਸਪੀਕਰ ਵਿਚੋਂ ਲਾਲ ਚੰਦ ਯਮਲੇ ਜੱਟ ਦੀ ਆਵਾਜ਼ ਵਿਚ 'ਸਤਿਗੁਰੂ ਨਾਨਕ ਤੇਰੀ ਲੀਲਾ ਨਿਆਰੀ ਏ, ਰੀਝਾਂ ਲਾ ਲਾ ਵੇਂਹਦੀ ਦੁਨੀਆਂ ਸਾਰੀ ਏ' ਦੇ ਰਿਕਾਰਡ ਚੱਲਣ ਦੀ ਆਵਾਜ਼ ਆਉਣੀ। ਸਾਰੇ ਪਿੰਡ ਦੇ ਕੰਨ ਖੜ੍ਹੇ ਹੋ ਜਾਣੇ। ਅੰਦਾਜ਼ੇ ਕਿਆਫੇ ਲੱਗਣੇ ਕਿ ਕਿਸ ਦੇ ਘਰ ਤੋਂ ਆਵਾਜ਼ ਆ ਰਹੀ ਹੈ? ਜਿਸ ਕਿਸੇ ਨੂੰ ਅੰਦਾਜ਼ਾ ਹੋਣਾ ਤਾਂ

ਉਸ ਦੱਸਣਾ ਕਿ ਮੱਘਰ ਸਿੰਘ ਦੀ ਵੱਡੀ ਕੁੜੀ ਦਾ ਵਿਆਹ ਹੈ, ਅੱਜ ਸ੍ਰੀ ਅਖੰਡ ਪਾਠ ਸਾਹਿਬ ਸ਼ੁਰੂ ਕੀਤੇ ਜਾਣਗੇ। ਸਾਰੇ ਪਿੰਡ ਵਿਚ ਖੁਸ਼ੀ ਵਾਲਾ ਮਾਹੌਲ ਬਣ ਜਾਣਾ। ਜਿੰਨਾਂ ਘਰ ਦੁੱਧ ਲਵੇਰਾ ਹੋਣਾ, ਉਹਨਾਂ ਇਕ ਵੇਲੇ ਦਾ ਦੁੱਧ ਵਿਆਹ ਵਾਲੇ ਘਰ ਪਹੁੰਚਾਉਣਾ। ਬੁਢੀਆਂ ਤ੍ਰੀਮਤਾਂ ਨੇ ਹੱਥ ਵਿਚ ਆਟੇ ਦੀ ਭਰੀ ਕੌਲੀ ਜਾਂ ਕੋਈ ਹੋਰ ਅਨਾਜ ਲੈ ਕੇ ਪਾਠ ਸ਼ੁਰੂ ਹੁੰਦਿਆਂ ਹੀ ਮੱਥਾ ਟੇਕਣ ਪਹੁੰਚ ਜਾਣਾ। ਪੁਰਸ਼ਾਂ ਨੇ ਛੋਟੇ-ਮੋਟੇ ਸਿੱਕੇ ਲੈ ਕੇ ਜਾ ਮੱਥਾ ਟੇਕਣਾ। ਉਸੇ ਦਿਨ ਤੋਂ ਹੀ ਵਿਆਹ ਵਾਲੇ ਘਰ ਵਿਚ ਰਿਸ਼ਤੇਦਾਰਾਂ, ਸਾਕ-ਸਬੰਧੀ ਦਰਜਾ ਬਦਰਜਾ ਮੇਲ ਦੇ ਰੂਪ ਵਿਚ ਪਹੁੰਚਣਾ ਸ਼ੁਰੂ ਹੋ ਜਾਣਾ। ਘਰ ਦੇ ਨੌਜਵਾਨ ਮੁੰਡਿਆਂ ਨੇ ਗਲੀ ਮੁਹੱਲੇ ਦੇ ਮੁੰਡਿਆਂ ਹਾਣੀਆਂ ਨੂੰ ਨਾਲ ਲੈ ਕੇ ਸਾਰੇ ਪਿੰਡ ਵਿਚੋਂ ਮੰਜੇ ਬਿਸਤਰੇ ਇਕੱਠੇ ਕਰਨੇ। ਹਰ ਘਰ ਦਾ ਇੰਦਰਾਜ ਇਕ ਕਾਪੀ ਵਿਚ ਲੜੀ ਵਾਰ ਕਰਨਾ ਤੇ ਉਹੋ ਨੰਬਰ ਮੰਜੇ ਦੇ ਪਾਵੇ ਤੇ ਅਤੇ ਮਿਲੇ ਬਿਸਤਰੇ ਦੇ ਸਾਰੇ ਕੱਪੜਿਆਂ ਦੇ ਕਿਨਾਰਿਆਂ ਤੇ ਲਿਖਣਾ ਤਾਂ ਜੋ ਪਛਾਣ ਰਹੇ। ਨੰਬਰ ਲਾਉਣ ਲੱਗਿਆਂ ਇਸ ਗੱਲ ਦਾ ਖਿਆਲ ਰੱਖਣਾ ਕਿ ਮੰਜੇ ਜਾਂ ਬਿਸਤਰੇ ਤੇ ਪਹਿਲਾਂ ਕੋਈ ਪੁਰਾਣਾ ਨੰਬਰ ਲੱਗਿਆ ਨਾਂ ਰਹਿ ਜਾਵੇ, ਉਸ ਉੱਤੇ ਕਾਂਟਾ ਮਾਰਨਾ ਜ਼ਰੂਰੀ ਹੁੰਦਾ ਸੀ। ਪਾਠ ਦੌਰਾਨ ਡਿਊਟੀ ਕਰ ਰਹੇ ਪਾਠੀ ਸਿੰਘਾਂ ਨੂੰ ਸ਼ਰੀਕੇ ਬਰਾਦਰੀ ਨੇ ਆਪਣੇ ਘਰ ਇਕ ਡੰਗ ਦੀ ਰੋਟੀ ਵਾਰੋ ਵਾਰੀ ਖੁਆਉਣੀ। ਸਾਰੇ ਯਕੀਨ ਰੱਖਦੇ ਸਨ ਕਿ ਨਾਲੇ ਤਾਂ ਅੰਮ੍ਰਿਤਧਾਰੀ ਸਿੰਘਾਂ ਦਾ ਘਰ ਵਿਚ ਫੇਰਾ ਪੈ ਜਾਵੇਗਾ, ਘਰ ਪਵਿੱਤਰ ਹੋ ਜਾਵੇਗਾ ਤੇ ਨਾਲੇ ਹੀ ਲੜਕੀ ਵਾਲੇ ਪਰਿਵਾਰ ਦਾ ਬੋਝ ਵੀ ਵੰਡਿਆ ਜਾਂਦਾ ਸੀ। ਘਰ ਵਿਚ ਹਲਵਾਈ ਇਸ ਤੋਂ ਵੀ ਦੋ ਦਿਨ ਪਹਿਲਾਂ ਬਿਠਾ ਲਿਆ ਜਾਂਦਾ ਸੀ। ਕਈ ਦਿਨ ਪਹਿਲਾਂ ਘਰ ਵਿਚ ਦਰਜੀ ਬਿਠਾਉਣ ਦਾ ਵੀ ਰਿਵਾਜ਼ ਸੀ ਤਾਂ ਜੋ ਸਾਰੇ ਟੱਬਰ ਦੇ ਕੱਪੜੇ ਦਰਜੀ ਇਕੋ ਜਗ੍ਹਾ ਬੈਠ ਕੇ ਸਮੇਂ ਸਿਰ ਸੀਉ ਸਕੇ।



ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਆਏ ਮੇਲੀ ਤੇ ਪਿੰਡ ਦੇ ਸਾਰੇ ਸ਼ਰੀਕੇ ਬਰਾਦਰੀ ਨੂੰ ਦੁਪਿਹਰ ਦੀ ਰੋਟੀ ਦਾ ਖੁੱਲ੍ਹਾ ਸੱਦਾ ਹੁੰਦਾ ਸੀ। ਕਈਆਂ ਨੇ ਇਕ ਅੱਧੇ ਬੰਦੇ ਦੇ ਘਰ ਵਿਚ ਹਾਜ਼ਰ ਨਾ ਹੋਣ ਦਾ ਕਹਿ ਕੇ ਉਸਦੀ ਰੋਟੀ ਘਰ ਲੈ ਜਾਣ ਲਈ ਆਪਣੇ ਘਰੋਂ ਭਾਂਡੇ ਲਈ ਆਉਣੇ। ਚੁਕਵਾਂ ਰੋਟੀ ਵਿਚ ਥਾਲ ਭਰ ਕੇ ਚੋਲਾਂ ਦਾ, ਉਸ ਦੇ ਕੁਝ ਹਿੱਸੇ ਵਿਚ ਸ਼ੱਕਰ ਘਿਉ ਤੇ ਨਾਲ ਲਿਆਂਦਾ ਹੋਇਆ ਡੋਲੂ ਜਾਂ ਗੜਵੀ ਭਰ ਕੇ ਦਾਲ। ਜੇਕਰ ਚੋਲਾਂ ਦੀ ਜਗ੍ਹਾ ਫੁਲਕੇ ਪੱਕੇ ਹੁੰਦੇ ਤਾਂ ਦੱਸ ਬਾਰਾਂ ਫੁਲਕੇ ਨਾਲ ਦੇ ਦੇਣੇ। ਇਹਨਾਂ ਵਿਚ ਜ਼ਿਆਦਾਤਰ ਸ਼ਰੀਕਾ ਬਰਾਦਰੀ, ਆਂਢੀ ਗੁਆਂਢੀ ਵਿਆਹ ਮੁੱਕਣ ਤੱਕ ਬਾਕੀ ਮੇਲ ਦੇ ਨਾਲ ਹੀ ਮੇਲੀ ਹੁੰਦੇ ਸਨ। ਪਹਿਲਾਂ ਬਰਾਤ ਦਾ ਇਕ ਰਾਤ ਰੁਕਣ ਦਾ ਵੀ ਪ੍ਰੋਗਰਾਮ ਹੁੰਦਾ ਸੀ। ਸਾਡੇ ਵਡੇਰੇ ਦੱਸਦੇ ਸੀ ਕਿ ਪਹਿਲਾਂ ਬਰਾਤਾਂ ਤਿੰਨ ਜਾਂ ਪੰਜ ਦਿਨ ਤੱਕ ਵੀ ਠਹਿਰਦੀਆਂ ਸਨ। ਹੁਣ ਤਾਂ ਸਿਰਫ਼ ਇਕ ਦਿਨ ਦਾ ਹੀ ਵਿਆਹ ਹੁੰਦਾ ਹੈ। ਸਵੇਰੇ ਬਰਾਤ ਠਹਿਰਾਉਣ ਲਈ ਪਿੰਡ ਦੇ ਜੰਞ ਘਰ, ਸਕੂਲ ਜਾਂ ਹੋਰ ਕਿਸੇ ਵੀ ਖੁਲ੍ਹੇ ਥਾਂ ਤੇ ਬਰਾਤੀਆਂ ਦੇ ਠਹਿਰਣ ਲਈ ਮੰਜੇ ਪਹੁੰਚਾਏ ਜਾਂਦੇ। ਬਰਾਤ ਪਹੁੰਚਣ ਤੇ ਪਿੰਡ ਦੇ ਕਿਸੇ ਖੁੱਲ੍ਹੇ ਥਾਂ ਤੇ ਮਿਲਣੀ ਹੁੰਦੀ। ਮਿਲਣੀ ਦੌਰਾਨ ਪਿੰਡ ਦੀਆਂ ਨੌਜਵਾਨ ਵਿਆਹੀਆਂ ਕੁਆਰੀਆਂ ਕੁੜੀਆਂ ਲਾਗਲੇ ਕਿਸੇ ਮਕਾਨ ਜਾਂ ਝਲਾਨੀ ਦੀ ਛੱਤ ਤੇ ਚੜ੍ਹ ਕੇ ਇਕੱਠੀਆਂ ਹੋ ਕੇ ਬਰਾਤ ਨੂੰ ਸਿਠਣੀਆਂ ਸੁਣਾਉਂਦੀਆਂ। ਸਿਠਣੀਆਂ ਵਿਚ ਆਮ ਤੌਰ ਤੇ ਮੁੰਡੇ ਵਾਲਿਆਂ ਦੇ ਪਹਿਰਾਵੇ, ਖਾਣ-ਪਾਣ ਦੀਆਂ ਆਦਤਾਂ ਅਤੇ ਉਹਨਾਂ ਦੇ ਰੰਗ ਵਨ ਉੱਤੇ ਟਕੋਰਾਂ ਕੱਸੀਆਂ ਜਾਂਦੀਆਂ। ਇਹਨਾਂ ਵਿਚ ਮੁੰਡੇ ਅਤੇ ਉਸ ਦੇ ਪਿਉ ਨੂੰ ਤਾਂ ਸਿੱਧੇ ਤੌਰ 'ਤੇ ਮਖੌਲ ਹੀ ਕੀਤਾ ਜਾਂਦਾ। ਉਸ ਦੇ ਘਰ ਬੈਠੀਆਂ ਭੈਣਾਂ, ਮਾਂ ਅਤੇ ਹੋਰ ਨੇੜਲੇ ਰਿਸ਼ਤੇ ਦੀਆਂ ਔਰਤਾਂ ਨੂੰ ਵੀ ਮਜ਼ਾਕ ਦਾ ਪਾਤਰ ਬਣਾਇਆ ਜਾਂਦਾ।

ਕਈ ਵਾਰ ਵਿਚੋਲੇ ਤੋਂ ਪਤਾ ਕਰਕੇ ਉਹਨਾਂ ਦੇ ਨਾਮ ਆਦਿ ਲੈ ਕੇ ਵੀ ਸਿੱਠਣੀਆਂ ਦਿੱਤੀਆਂ ਜਾਂਦੀਆਂ। ਇਹ ਸਾਰਾ ਕੁਝ ਕਲਪਿਤ ਅਤੇ ਫਰਜ਼ੀ ਹੀ ਹੁੰਦਾ ਸੀ। ਇਸ ਲਈ ਸਿਠਣੀਆਂ ਰਾਹੀਂ ਕੀਤੇ ਵਿਅੰਗ ਦੀ ਕੋਈ ਸੀਮਾ ਨਾ ਹੁੰਦੀ। ਮੁੰਡੇ ਦਾ ਮਾਂ-ਪਿਉ ਦੀ ਸਰੀਰਕ ਬਣਤਰ, ਉਸ ਦੇ ਪਿਛੋਕੜ ਬਾਰੇ ਅਤੇ ਉਸ ਦੇ ਘਰ ਦੀ ਕੰਜੂਸੀ, ਆਲਸ, ਮੂਰਖਤਾ ਆਦਿ ਬਾਰੇ ਚੋਭਾਂ ਮਾਰੀਆਂ ਜਾਂਦੀਆਂ। ਜਿਵੇਂ ਲਾੜੇ ਨੂੰ ਕਹਿਣਾ

**''ਆਇਆ ਵੇ ਤੂੰ ਆਇਆ ਵੇ, ਮਾਂ ਕਿਥੇ ਛੱਡ ਆਇਆ ਵੇ।**

**ਆਉਂਦੀ ਏ ਪਈ ਆਉਂਦੀ ਏ, ਸੁਰਖੀ ਕੱਜਲ ਲਾਉਂਦੀ ਏ।**

ਲਾੜੇ ਦੀ ਭੈਣ ਦਾ ਨਾਮ ਲੈ ਕੇ ਵੀ ਚੋਭ ਕਰਨੀ।

ਪਿੰਡ ਦੇ ਬੁੱਢੇ ਬਜ਼ੁਰਗਾਂ ਵੱਲੋਂ ਕੁੜੀਆਂ ਨੂੰ ਮਨ੍ਹਾ ਕਰਨ ਤੇ ਵੀ ਉਹਨਾਂ ਨਾ ਰੁਕਣਾ।

ਜਿਸ ਘਰ ਵਿਚ ਵਿਆਹੁਣ ਯੋਗ ਲੜਕੀ ਜਵਾਨ ਹੋ ਰਹੀ ਹੋਣੀ। ਉਸ ਘਰ ਵਿਚ ਛੇ ਮਹੀਨੇ ਪਹਿਲਾਂ ਹੀ ਬਾਕੀ ਪਾਲਤੂ ਪਸ਼ੂਆਂ ਨਾਲ ਬੱਕਰੀ ਦੇ ਚਾਰ ਪੰਜ ਬੱਚੇ ਵੀ ਰੱਖ ਲੈਣੇ। ਉਹਨਾਂ ਬਛਰੂਟਾਂ ਨੇ ਬਾਕੀ ਪਸ਼ੂਆਂ ਦੀਆਂ ਖੁਰਲੀਆਂ ਦਾ ਵਾਧਾ ਘਾਟਾ ਖਾ ਕੇ ਹੀ ਪਲ ਜਾਣਾ। ਬਰਾਤ ਆਉਣ ਤੇ ਇਹਨਾਂ ਜਵਾਨ ਹੋਏ ਬੱਕਰਿਆਂ ਨੂੰ ਬਰਾਤ ਦੇ ਖਾਣੇ ਲਈ ਕੱਟਿਆ ਜਾਣਾ। ਜਿੰਨੇ ਬੱਕਰੇ ਕੱਟੇ ਜਾਣੇ ਉਹਨਾਂ ਦੇ ਸਿਰਾਂ ਨੂੰ ਜਿਸ ਨੂੰ ਸਿਰੀ ਕਿਹਾ ਜਾਂਦਾ ਸੀ। ਬਰਾਤ ਵਿਚ ਆਏ ਕੁੜਮਾਂ ਨੂੰ, ਜਿਸ ਵਿਚ ਲੜਕੇ ਦਾ ਪਿਤਾ, ਚਾਚੇ ਤਾਏ ਅਤੇ ਮਾਸੜ, ਮਾਮੇ ਸ਼ਾਮਲ ਹੁੰਦੇ ਸਨ, ਵੱਡੀਆਂ ਥਾਲੀਆਂ ਵਿਚ ਸਬੂਤੇ ਰੱਖ ਕੇ ਪਰੋਸੇ ਜਾਣੇ। ਇਹ ਸਿਰਫ਼ ਉਹਨਾਂ ਨੂੰ ਵੱਖਰਾ ਮਾਨ ਸਨਮਾਨ ਦੇਣ ਲਈ ਕੀਤਾ ਜਾਂਦਾ ਸੀ। ਭਾਵੇਂ ਕਿ ਅੱਜ ਦੇ ਵਿਆਹਾਂ ਵਿਚ ਬੈਂਡ ਵਜਾਉਣ ਵਾਲੇ ਤੇ ਕੁੜਮ ਇਕੋ ਤਰ੍ਹਾਂ ਦਾ ਹੀ ਖਾਣਾ ਖਾ ਰਹੇ ਹੁੰਦੇ ਹਨ।

ਦੋਨਾਂ ਧਿਰਾਂ ਦੀ ਕੋਸ਼ਿਸ਼ ਹੁੰਦੀ ਸੀ ਕਿ ਅਨੰਦ ਕਾਰਜ ਦੀ ਰਸਮ ਦੁਪਿਹਰ ਬਾਰਾਂ ਵਜੇ ਤੋਂ ਪਹਿਲੇ-ਪਹਿਲੇ ਸੰਪੰਨ ਹੋ ਜਾਵੇ। ਅਨੰਦ ਕਾਰਜ ਦੀ ਰਸਮ ਤੋਂ ਬਾਅਦ ਵਿਹਾਂਦੜ ਲੜਕਾ, ਆਪਣੇ ਯਾਰ ਦੋਸਤਾਂ ਅਤੇ ਜੀਜਿਆਂ ਨਾਲ ਲੜਕੀ ਵਾਲੇ ਦੇ ਘਰ ਦੁੱਧ ਪੀਣ ਲਈ ਜਾਂਦਾ। ਜਿਥੇ ਉਸ ਦੀ ਮਿਲਣੀ ਘਰ ਦੀਆਂ ਤ੍ਰੀਮਤਾਂ ਨਾਲ ਕਰਵਾਈ ਜਾਂਦੀ। ਅਸਲ ਵਿਚ ਇਹ ਰਿਵਾਜ਼ ਇਸ ਲਈ ਜ਼ਰੂਰੀ ਸਮਝਿਆ ਜਾਂਦਾ ਸੀ ਕਿ ਸਵੇਰੇ ਦੀ ਬਰਾਤ ਦੀ ਮਿਲਣੀ ਵੇਲੇ ਨਵੇਂ ਪ੍ਰਾਹੁਣੇ ਨੇ ਘਰ ਦੇ ਮਰਦਾਂ ਬਾਰੇ ਜਾਣਕਾਰੀ ਪ੍ਰਾਪਤ ਕਰ ਲਈ ਹੈ ਪ੍ਰੰਤੂ ਔਰਤਾਂ ਬਾਰੇ ਉਸ ਨੂੰ ਕੋਈ ਜਾਣਕਾਰੀ ਨਹੀਂ ਹੈ। ਇਸ ਰਸਮ ਦੌਰਾਨ ਘਰ ਦੀਆਂ ਸਾਰੀਆਂ ਔਰਤ ਮੈਂਬਰਾਂ, ਚਾਚੀਆਂ, ਤਾਈਆਂ, ਮਾਸੀਆਂ, ਮਾਮੀਆਂ, ਭੂਆ ਆਦਿ ਨੇ ਲੜਕੇ ਨੂੰ ਕੁਝ ਪੈਸੇ ਦੇ ਕੇ ਲੜਕੇ ਨੂੰ ਸਲਾਮੀ ਪਾਉਣੀ ਤੇ ਮੁਲਾਕਾਤ ਕਰਨੀ। ਕੁੜੀਆਂ ਚਿੜੀਆਂ ਨੇ ਇਸ ਰਸਮ ਵੇਲੇ ਵੀ ਗੀਤ ਗਾਣੇ ਅਤੇ ਸਿਠਣੀਆਂ ਦਾ ਕੰਮ ਜਾਰੀ ਰੱਖਣਾ। ਲਾੜੇ ਨਾਲ ਕਈ ਤਰ੍ਹਾਂ ਦੇ ਮਜ਼ਾਕ ਵੀ ਕੀਤੇ ਜਾਣੇ। ਪਿੱਤਲ ਦੇ ਛੰਨੇ ਨੂੰ ਸਰੋਂ ਦੇ ਤੇਲ ਨਾਲ ਚੰਗੀ ਤਰ੍ਹਾਂ ਭਿਉਂ ਕੇ ਇਕ ਥਾਲੀ ਵਿਚ ਮੂਧਾ ਮਾਰ ਕੇ ਲਾੜੇ ਨੂੰ ਇਕ ਹੱਥ ਨਾਲ ਚੁੱਕ ਕੇ ਸਿੱਧਾ ਕਰਨ ਲਈ ਕਹਿਣਾ, ਚਾਹ ਦੀ ਕੇਤਲੀ ਵਿਚ ਜਿਉਂਦੀ ਚਿੜੀ ਫੜ ਕੇ ਪਾ ਦੇਣੀ ਅਤੇ ਲਾੜੇ ਨੂੰ ਚਾਹ ਵਰਤਾਉਣ ਨੂੰ ਕਹਿਣਾ। ਚਾਹ ਨਾ ਨਿਕਲਣ ਤੇ ਉਸ ਵੱਲੋਂ ਢੱਕਣ ਖੋਹਲਣਾ ਤੇ ਚਿੜੀ ਦਾ ਫੁਰਰ ਕਰਕੇ ਉੱਡ ਜਾਣਾ, ਹਾਸੇ ਮਜ਼ਾਕ ਦਾ ਸਬੱਬ ਬਣਦਾ ਸੀ। ਘਰ ਦੇ ਪਹਿਲੇ ਤੇ ਪੁਰਾਣੇ ਜਵਾਈਆਂ ਨੂੰ ਵੀ ਨਵੇਂ ਜਵਾਈ ਨਾਲ ਬਿਠਾਉਣ ਦਾ ਰਿਵਾਜ਼ ਸੀ। ਗਾਣੇ ਤੇ ਸਿਠਣੀਆਂ ਵਿਚ ਉਨ੍ਹਾਂ ਤੇ ਵੀ ਟਕੋਰਾਂ ਕੀਤੀਆਂ ਜਾਂਦੀਆਂ ਸਨ।

ਡੋਲੀ ਤੋਰਨ ਤੋਂ ਪਹਿਲਾਂ ਲੜਕੀ ਵੱਲੋਂ ਆਪਣੇ ਹੱਥ ਨਾਲ ਕੱਢੇ ਕਸੀਦੇ ਤੋਂ ਤਿਆਰ ਕੀਤੀਆਂ ਚਾਦਰਾਂ, ਸਿਰਹਾਣੇ, ਅੰਗੀਠੀ ਪੋਸ਼, ਹੱਥ ਦੀਆਂ ਬਣੀਆਂ ਦਰੀਆਂ, ਖੇਸ, ਪੱਖੀਆਂ ਆਦਿ ਸਮੇਤ ਪਰਿਵਾਰ ਵੱਲੋਂ ਲੜਕੀ ਵੱਲੋਂ ਇਕ ਨਵੇਂ ਘਰ ਦੀ ਸ਼ੁਰੂਆਤ ਕਰਨ ਲਈ ਜ਼ਰੂਰੀ ਵਸਤਾਂ ਦਾ ਦਾਜ ਦਿੱਤਾ ਜਾਂਦਾ। ਜਿਸ ਦਾ ਵਿਖਾਲਾ ਕੀਤਾ ਜਾਂਦਾ ਸੀ। ਬਰਾਤ ਨੇ ਲੜਕੀ ਵਾਲੇ ਦੇ ਘਰ ਵਿਖਾਲਾ ਕੀਤਾ ਦਹੇਜ ਦੇਖਣ ਲਈ ਜਾਣਾ ਤੇ ਉਸ ਨੂੰ ਸੰਭਾਲਣ ਦਾ ਇੰਤਜ਼ਾਮ ਕਰਨ ਲੱਗ ਪੈਣਾ। ਲੜਕੀ ਵਾਲਿਆਂ ਵੱਲੋਂ ਇਸ ਸਭ ਕਾਸੇ ਨੂੰ ਸੰਭਾਲਣ ਲਈ ਵਰਤੇ ਜਾਂਦੇ ਟਰੰਕਾਂ ਅਤੇ ਪੇਟੀ ਆਦਿ ਲਈ ਤਾਲਾ ਨਹੀਂ ਦਿੱਤਾ ਜਾਂਦਾ ਸੀ। ਤਾਲਾ ਦੇਣਾ ਬਦਸ਼ਗਨੀ ਸਮਝਿਆ ਜਾਂਦਾ ਸੀ। ਡੋਲੀ ਦੀ ਤਿਆਰੀ ਕਰਨ ਵੇਲੇ, ਪਿੰਡ ਦੇ ਝੀਰ ਵੱਲੋਂ ਆਪਣੇ ਘਰ ਰਖੀ ਡੋਲੀ ਲੈ ਕੇ ਆਉਣੀ। ਜਿਸ ਨੂੰ ਸਮਰੱਥਾ ਮੁਤਾਬਕ ਪਰਿਵਾਰ ਵੱਲੋਂ ਸਜਾਇਆ ਜਾਣਾ। ਡੋਲੀ ਤੇ ਫੁਲਕਾਰੀ ਪਾਉਣ ਦਾ ਰਿਵਾਜ਼ ਸੀ। ਲੜਕੀ ਨੂੰ ਮਾਮੇ, ਚਾਚੇ ਜਾਂ ਵੱਡੇ ਭਰਾ ਵੱਲੋਂ ਚੁੱਕ ਕੇ ਡੋਲੀ ਵਿਚ ਬਿਠਾਇਆ ਜਾਂਦਾ।

ਪਰਿਵਾਰ ਦੇ ਮਰਦਾਂ ਵੱਲੋਂ ਵਾਰੀ-ਵਾਰੀ ਡੋਲੀ ਚੁੱਕ ਕੇ ਪਿੰਡ ਦੀ ਜੂਹ ਦੇ ਬਾਹਰਲੇ ਪਾਸੇ ਤੱਕ ਲੈ ਜਾਣੀ ਜਿਥੋਂ ਸਾਰੇ ਪਰਿਵਾਰ ਨਾਲ ਵਿਰਲਾਪਾਂ ਭਰੀ ਵਿਦਾਈ ਵਾਲੀ ਮਿਲਣੀ ਹੋਣੀ ਤੇ ਲੜਕੇ ਵਾਲਿਆਂ ਵੱਲੋਂ ਲੜਕੀ ਆਪਣੀ ਸਮਰੱਥਾ ਮੁਤਾਬਕ ਲਿਆਉਂਦੇ ਸਾਧਨ ਵਿਚ ਬਿਠਾ ਕੇ ਵਿਦਿਆ ਹੋ ਜਾਣਾ। ਅੱਜ ਦੇ ਮੈਰਿਜ ਪੈਲੇਸਾਂ ਵਿਚ ਹੁੰਦੇ ਵਿਆਹਾਂ ਨੇ ਇਹਨਾਂ ਸਾਰੀਆਂ ਰਸਮਾਂ ਵਿਚੋਂ ਬਹੁਤੀਆਂ ਰਸਮਾਂ ਰਿਵਾਜ਼ਾਂ ਨੂੰ ਖਤਮ ਹੀ ਕਰ ਦਿੱਤਾ ਹੈ। ਹੁਣ ਅਸੀਂ ਪਦਾਰਥਵਾਦੀ ਹੋ ਗਏ ਹਾਂ। ਪਰ ਸਾਨੂੰ ਇਹ ਗੰਭੀਰਤਾ ਨਾਲ ਸੋਚਣਾ ਪਵੇਗਾ ਕਿ ਕੀ ਅਸੀਂ ਇਸ ਪਦਾਰਥਵਾਦੀ ਯੁੱਗ ਵਿਚ ਵੀ ਆਪਣੀਆਂ ਰਸਮਾਂ, ਰੀਤੀ-ਰਿਵਾਜ਼ਾਂ ਨੂੰ ਜਿਉਂਦੇ ਨਹੀਂ ਰੱਖ ਸਕਦੇ? ਬਿਲਕੁੱਲ ਰੱਖ ਸਕਦੇ ਹਾਂ, ਲੋੜ ਹੈ ਯਥਾਰਥਵਾਦੀ ਹੋਣ ਦੀ, ਪੁਰਾਣੀਆਂ ਪਰੰਪਰਾਵਾਂ ਤੇ ਰੀਤੀ-ਰਿਵਾਜ਼ਾਂ ਨੂੰ ਆਪਣੀ ਜ਼ਿੰਦਗੀ ਦੇ ਅਜਿਹੇ ਹਸੀਨ ਪਲਾਂ ਵਿਚ ਸ਼ਾਮਲ ਕਰਨ ਦੀ ਤਾਂ ਜੋ ਆਉਂਦੀਆਂ ਪੀੜ੍ਹੀਆਂ ਸਾਡੇ ਬਜ਼ੁਰਗਾਂ ਦੇ ਇਹ ਕੀਮਤੀ ਰਸਮੋ-ਰਿਵਾਜ਼ ਭੁੱਲ ਨਾ ਜਾਵਣ।

● ● ●

**ਕੁਝ ਵੀ ਬੋਲਣ ਤੋਂ ਪਹਿਲਾਂ ਸੋਚੋ, ਕਿਉਂਕਿ ਬੋਲਣ ਤੋਂ ਬਾਅਦ ਸਿਰਫ਼ ਪਛਤਾਇਆ ਹੀ ਜਾ ਸਕਦੈ।**

# ਪੰਜਾਬ ਦਾ ਪੀਰ ਬਾਬਾ ਵਾਰਿਸ ਸ਼ਾਹ ਅਤੇ ਉਸ ਦੀ 'ਹੀਰ'

ਡਾ. ਹਰਚੰਦ ਸਿੰਘ ਸਰਹਿੰਦੀ

ਅਠਾਰ੍ਹਵੀਂ ਸਦੀ ਵਿਚ ਪੰਜਾਬੀ ਬੋਲੀ ਤੇ ਸੱਭਿਆਚਾਰ ਦਾ ਮਹਾਨ ਸਰਪ੍ਰਸਤ ਤੇ ਲਾਸਾਨੀ ਸ਼ਾਇਰ, ਬਾਬਾ ਵਾਰਿਸ ਸ਼ਾਹ, ਪੰਜਾਬੀ ਸਾਹਿਤ ਦਾ ਉਹ ਅਮਿੱਟ ਹਸਤਾਖ਼ਰ ਹੈ ਜਿਸ ਦੀ ਚੜ੍ਹਦੇ ਤੇ ਲਹਿੰਦੇ ਪੰਜਾਬ ਵਿਚ ਬਰਾਬਰ ਦੀ ਪੁੱਛ ਪ੍ਰਤੀਤ ਹੈ। ਉਸ ਦੀ ਹਰ ਦਿਲ ਅਜੀਜ਼ੀ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਉਸ ਦੀ ਸ਼ਾਹਕਾਰ ਰਚਨਾ 'ਹੀਰ' ਨੂੰ ਪੜ੍ਹਨ ਤੇ ਸੁਣਨ ਦੀ ਚੇਟਕ ਵਿਚ ਕਦੇ ਖੜੋਤ ਨਹੀਂ ਆਈ। ਹੁਣ ਤੱਕ ਘੱਟੋ-ਘੱਟ 120 ਕਿੱਸਾਕਾਰ ਹੀਰ-ਰਾਂਝੇ ਦੀ ਪ੍ਰੇਮ ਕਹਾਣੀ ਉੱਤੇ ਕਲਮ-ਅਜ਼ਮਾਈ ਕਰ ਚੁੱਕੇ ਹਨ, ਪਰ ਜਿਨ੍ਹਾਂ ਸਿਖ਼ਰਾਂ ਨੂੰ ਵਾਰਿਸ ਨੇ ਛੂਹਿਆ ਹੈ, ਉਹ ਹੋਰ ਕਿਸੇ ਦੇ ਹਿੱਸੇ ਨਹੀਂ ਆਈਆਂ। ਨਿਰਸੰਦੇਹ, ਪੰਜਾਬੀ ਸ਼ਾਇਰੀ ਦੇ ਅੰਬਰ 'ਤੇ ਇਕ ਭਰਵੀਂ ਤੇ ਮਨਮੋਹਕ ਉਡਾਣ ਦਾ ਨਾਂ ਹੈ ਵਾਰਿਸ ਸ਼ਾਹ।

ਵਾਰਿਸ ਸ਼ਾਹ ਨੇ ਮਾਂ ਬੋਲੀ ਨੂੰ ਇਕ ਅਜਿਹੀ ਪੁਰ-ਅਸਰ ਅਤੇ ਸੁੱਚੀ ਕਿਤਾਬ ਭੇਟ ਕੀਤੀ ਹੈ, ਜਿਸ ਨੇ ਪੰਜਾਬੀ ਸਾਹਿਤ ਨੂੰ ਰੱਜਕੇ ਮਾਲਾਮਾਲ ਕੀਤਾ ਹੈ। ਇਸ ਪੁਸਤਕ ਦੁਆਰਾ ਪੰਜਾਬੀ ਸਾਹਿਤ ਵਿਚ ਛੱਡੀ ਮਹਿਕ ਪੰਜਾਬੀਆਂ ਨੂੰ ਸਦਾ ਮਹਿਕਾਉਂਦੀ ਤੇ ਮੰਤਰ-ਮੁਗਧ ਕਰਦੀ ਰਹੇਗੀ। ਕਮਾਲ ਦੀ ਗੱਲ ਤਾਂ ਇਹ ਹੈ ਕਿ 'ਹੀਰ ਵਾਰਿਸ' ਜਿੱਥੇ ਪਿੰਡ ਦੀਆਂ ਸੱਥਾਂ ਵਿਚ ਬੜੇ ਚਾਅ ਨਾਲ ਪੜ੍ਹੀ ਤੇ ਸੁਣੀ ਜਾਂਦੀ ਹੈ, ਉੱਥੇ ਉੱਚ-ਪੱਧਰੀਆਂ ਸਾਹਿਤਕ ਗੋਸ਼ਟੀਆਂ ਵਿਚ ਵੀ ਬੜੀ ਗੰਭੀਰਤਾ ਨਾਲ ਵਿਚਾਰੀ ਤੇ ਸਲਾਹੀ ਜਾਂਦੀ ਹੈ।

ਵਾਰਿਸ ਸ਼ਾਹ ਅਜਿਹਾ ਪਹਿਲਾ ਸ਼ਾਇਰ ਹੈ, ਜਿਸ ਦੇ ਕਲਾਮ ਵਿਚ ਪੰਜਾਬੀ ਜ਼ੁਬਾਨ ਆਪਣੀ ਮੁਕੰਮਲ ਖ਼ੂਬਸੂਰਤੀ ਤੇ ਖ਼ੂਬੀਆਂ ਨਾਲ ਜਲਵਾ-ਗਰ ਹੋਈ। ਦੂਜਾ, ਉਸ ਨੇ ਪੰਜਾਬੀ ਜ਼ੁਬਾਨ ਦੇ ਗੁੱਝੇ ਨਖ਼ਰਿਆਂ ਨੂੰ ਰੂਪਮਾਨ ਕੀਤਾ। ਤਾਹੀਉਂ, ਉਸ ਦਾ ਕਲਾਮ ਸੁਣਦਿਆਂ ਹੀ ਬੰਦਾ ਵਜਦ ਵਿਚ ਆ ਜਾਂਦਾ ਹੈ ਅਤੇ ਉਸ ਦੀ ਰੂਹ ਸਰਸ਼ਾਰ ਹੋ ਜਾਂਦੀ ਹੈ। ਕਿਸੇ ਸ਼ਾਇਰ ਨੇ ਖ਼ੂਬ ਕਿਹਾ ਹੈ -

**ਵਾਰਿਸ ਸ਼ਾਹ ਦਾ ਪਾਕ ਕਲਾਮ ਪੜ੍ਹਨਾ,**
**ਬੂਰੀ ਮੱਝ ਦੀ ਚੁੰਘਣੀ ਧਾਰ ਹੈ ਜੀ।**

ਇਹੋ ਕਾਰਨ ਹੈ ਕਿ ਅੱਜ ਵੱਡੇ-ਵੱਡੇ ਕਲਮ ਦੇ ਧਨੀ ਵਾਰਿਸ ਦਾ 'ਲੋਹਾ ਮੰਨਦੇ' ਹਨ। ਪੰਜਾਬੀਆਂ ਦੇ ਸਭ ਤੋਂ ਅਜੀਜ਼ ਉਰਦੂ ਸ਼ਾਇਰ ਫ਼ੈਜ਼ ਅਹਿਮਦ ਫ਼ੈਜ਼ (1911-84) ਨੂੰ ਜਦੋਂ ਇਕ ਇੰਟਰਵਿਊ ਦੌਰਾਨ ਇਹ ਪੁੱਛਿਆ ਗਿਆ ਕਿ ਉਹ ਪੰਜਾਬੀ ਵਿਚ ਕਿਉਂ ਨਹੀਂ ਲਿਖਦਾ ਤਾਂ ਉਸ ਦਾ ਜਵਾਬ ਸੀ - "ਕੋਈ ਗ਼ਾਲਿਬ ਨਾਲ ਮੁਕਾਬਲਾ ਕਰਨ ਬਾਰੇ ਤਾਂ ਸੋਚ ਸਕਦਾ ਹੈ, ਪਰ ਵਾਰਿਸ ਸ਼ਾਹ ਦੇ ਖੇਤਰ ਵਿਚ ਦਾਖ਼ਲ ਹੋਣ ਦੀ ਹਿੰਮਤ ਤਾਂ ਕੋਈ ਸਿਰਫ਼ਿਰਿਆ ਹੀ ਕਰ ਸਕਦਾ ਹੈ।" ਸਚਮੁੱਚ, ਪੰਜਾਬੀ ਸ਼ਾਇਰੀ ਦੇ ਖੇਤਰ ਵਿਚ ਵਾਰਿਸ ਨਾਲ ਆਢਾ ਲੈਣਾ, ਪਹਾੜ ਨਾਲ ਟਕਰਾਉਣ ਦੇ ਤੁਲ ਹੈ।

ਵਾਰਿਸ ਸ਼ਾਹ, ਆਪਣੀਆਂ ਲਾਸਾਨੀ ਸਾਹਿਤਕ ਖ਼ੂਬੀਆਂ ਸਦਕਾ, ਸੱਤ ਸਮੁੰਦਰੋਂ ਪਾਰ ਫਰਾਂਸ ਵਿਚ ਵੀ ਜਾ ਧਮਕਿਆ ਹੈ। ਇਕ ਫਰਾਂਸੀਸੀ ਵਿਦਵਾਨ ਡਾ. ਡੇਨਿਸ ਮਾਤਰੇਂਜ, ਜਿਸ ਨੇ 'ਹੀਰ ਵਾਰਿਸ' 'ਤੇ 552 ਸਫ਼ਿਆਂ ਦਾ ਥੀਸਿਜ਼ ਲਿਖ ਕੇ ਪੈਰਿਸ ਯੂਨੀਵਰਸਿਟੀ ਤੋਂ ਪੀਐੱਚ.ਡੀ. ਦੀ ਡਿਗਰੀ ਹਾਸਲ ਕੀਤੀ ਹੈ, ਦਾ ਕਹਿਣਾ ਹੈ- "ਮੈਂ ਇਸ ਤੋਂ ਪਹਿਲਾਂ ਏਨੀ ਸੋਹਣੀ ਤੇ ਡੂੰਘੀ ਸ਼ਾਇਰੀ ਕਦੇ ਨਹੀਂ ਸੀ ਵੇਖੀ। ਵਾਰਿਸ ਨੇ ਆਪਣੀ ਭਾਸ਼ਾ ਨੂੰ ਆਪ ਸਿਰਜਿਆ ਹੈ, ਜਿਸ ਤਰ੍ਹਾਂ ਹੋਮਰ ਨੇ ਆਪਣੀ ਭਾਸ਼ਾ ਨੂੰ ਸਿਰਜਿਆ ਸੀ। ਵਾਰਿਸ ਤੋਂ ਪਹਿਲਾਂ ਅਜਿਹੀ ਭਾਸ਼ਾ ਮੌਜੂਦ ਨਹੀਂ ਸੀ।" (ਇਹ ਜਾਣਕਾਰੀ, ਮੋਹਨਜੀਤ ਦੀ ਡਾ. ਡੇਨਿਸ ਮਾਤਰੇਂਜ ਨਾਲ ਦਿੱਲੀ ਵਿਖੇ ਹੋਈ ਇਕ ਗੱਲਬਾਤ 'ਤੇ ਆਧਾਰਤ ਹੈ)।

ਸ਼ਿਪਲੇ ਦੇ 'ਐਨਸਾਈਕਲੋਪੀਡੀਆ ਆਫ਼ ਲਿਟਰੇਚਰ' ਅਨੁਸਾਰ "ਵਾਰਿਸ ਸ਼ਾਹ ਪੰਜਾਬੀ ਦਾ ਸਭ ਤੋਂ ਵੱਡਾ ਸ਼ਾਇਰ ਹੈ ਤੇ ਉਸ ਦੀ 'ਹੀਰ' ਸਰਵੋਤਮ ਰਚਨਾ।" ਜਿਲਦ-1, ਪੰਨਾ 554-55.

ਵਾਰਿਸ ਖ਼ੁਦ ਵੀ ਇਹ ਮਹਿਸੂਸ ਕਰਦਾ ਹੈ ਕਿ ਕਿੱਸਾ ਹੀਰ ਲਿਖ ਕੇ ਉਸ ਨੇ ਇਕ ਨਿਵੇਕਲਾ ਤੇ ਯਾਦਗਾਰੀ ਕੰਮ ਕੀਤਾ ਹੈ। ਆਪਣੀ ਰਚਨਾ ਦੀ ਉਪਮਾ ਕਰਦਿਆਂ ਉਹ ਕਹਿੰਦਾ ਹੈ -

**ਫ਼ਿਕਰਾ ਜੋੜ ਕੇ ਖ਼ੂਬ ਦਰੁਸਤ ਕੀਤਾ,**
**ਨਵਾਂ ਫੁੱਲ ਗੁਲਾਬ ਦਾ ਤੋੜਿਆ ਈ।**

ਨਿਰਸੰਦੇਹ, ਵਾਰਿਸ ਨੇ ਆਪਣੀ ਇਸ ਇਕਲੌਤੀ ਰਚਨਾ ਰਾਹੀਂ ਪੰਜਾਬੀ ਸਾਹਿਤ ਦੇ ਪਿੜ ਵਿਚ ਇਕ ਅਜਿਹਾ ਝੰਡਾ ਗੱਡ ਦਿੱਤਾ ਹੈ ਜੋ ਰਹਿੰਦੀ ਦੁਨੀਆਂ ਤੱਕ ਝੂਲਦਾ ਰਹੇਗਾ।

ਸਾਹਿਤ ਸਿਰਜਣਾ ਬਾਰੇ ਗੱਲ ਕਰਦਿਆਂ, ਸੀ.ਐੱਸ. ਲੀਊਸ ਲਿਖਦਾ ਹੈ ਕਿ "ਸਾਹਿਤ ਸੱਚਾਈ ਦਾ ਸਿਰਫ਼ ਵਿਖਿਆਨ ਹੀ ਨਹੀਂ ਕਰਦਾ, ਸਗੋਂ ਉਸ ਵਿਚ ਵਾਧਾ ਕਰਦਾ ਹੈ। ਸਾਹਿਤ ਉਨ੍ਹਾਂ ਚੀਜ਼ਾਂ, ਜਿਨ੍ਹਾਂ ਦੀ ਆਪਾਂ ਨੂੰ ਆਮ ਜ਼ਿੰਦਗੀ ਵਿਚ ਲੋੜ ਹੁੰਦੀ ਹੈ, ਬਾਰੇ ਰਸਿਕ ਬੋਲੀ ਤੇ ਸ਼ੈਲੀ ਵਿਚ ਜਾਣਕਾਰੀ ਮੁਹੱਈਆ ਕਰਦਾ ਹੈ। ਇਸ ਤਰ੍ਹਾਂ ਇਹ ਸਾਡੀ ਮਾਰੂਥਲ ਬਣ ਚੁੱਕੀ ਜ਼ਿੰਦਗੀ ਵਿਚ ਪਾਣੀ ਦਾ ਕੰਮ ਕਰਦਾ ਹੈ।" 'ਹੀਰ ਵਾਰਿਸ', ਲੀਊਸ ਦੇ ਉਕਤ ਕਥਨ 'ਤੇ ਸੋਲ੍ਹਾਂ ਆਨੇ ਖ਼ਰੀ ਉਤਰਦੀ ਹੈ, ਕਿਉਂਕਿ ਵਾਰਿਸ ਸੱਚ ਲਿਖਣ ਵਾਲਾ ਅਤੇ ਜ਼ਿੰਦਗੀ ਦੀਆਂ ਸੱਚਾਈਆਂ ਨੂੰ ਬਿਆਨ ਕਰਨ ਵਾਲਾ ਸ਼ਾਇਰ ਹੈ। ਜਿੱਥੋਂ ਤੱਕ 'ਹੀਰ' ਵਿਚਲੇ ਸੱਚ ਦਾ ਸਵਾਲ ਹੈ, ਵਾਰਿਸ ਆਪਣੇ ਪਾਠਕਾਂ ਨੂੰ ਭਰੋਸਾ ਦਿਵਾਉਂਦਾ ਹੈ ਕਿ ਉਸ ਦੇ ਸ਼ਿਅਰ, ਇਕ ਤਰ੍ਹਾਂ ਨਾਲ ਕੁਰਾਨ ਸ਼ਰੀਫ਼ ਦੇ ਅਰਥ ਹਨ। ਲਉ ! ਸ਼ਿਅਰ ਮੁਲਾਹਜ਼ਾ ਫ਼ਰਮਾਓ :

**ਇਹ ਕੁਰਾਨ ਮਜ਼ੀਦ ਦੇ ਮਾਇਨੇ ਨੇ,**
**ਜਿਹੜੇ ਸ਼ਿਅਰ ਮੀਆਂ ਵਾਰਿਸ ਸ਼ਾਹ ਦੇ ਨੀ।**

ਸੋ, ਵਾਰਿਸ ਨੂੰ ਪੰਜਾਬੀਆਂ ਦਾ ਪੀਰ ਅਤੇ ਉਸ ਦੀ 'ਹੀਰ' ਨੂੰ ਪੰਜਾਬੀਆਂ ਦਾ ਧਾਰਮਿਕ ਗ੍ਰੰਥ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ। ਉਸਤਾਦ ਸ਼ਾਇਰ ਵਿਧਾਤਾ ਸਿੰਘ ਤੀਰ ਦੀਆਂ ਸਤਰਾਂ ਹਨ -

**ਮੇਰੀ ਬੋਲੀ ਦੇ ਵਾਰਿਸਾ ਸੱਚ ਮੰਨੀ,**
**ਮੰਨਾਂ ਮੈਂ ਪੰਜਾਬ ਦਾ ਪੀਰ ਤੈਨੂੰ।** ('ਨਵੇਂ ਨਿਸ਼ਾਨੇ')

ਪੀਰ ਦੇ ਰੁਤਬੇ ਨੂੰ ਪਹੁੰਚਿਆ ਵਾਰਿਸ, ਕਿਉਂਕਿ ਸੱਚ 'ਤੇ ਚੱਲਣ

ਵਾਲਾ ਸੂਫ਼ੀ ਦਰਵੇਸ਼ ਸੀ, ਇਸ ਲਈ ਉਸ ਦੀ ਕਹੀ ਗੱਲ 'ਤੇ ਕਿੰਤੂ-ਪ੍ਰੰਤੂ ਕਰਨ ਦੀ ਉੱਕਾ ਹੀ ਕੋਈ ਗੁੰਜਾਇਸ਼ ਨਹੀਂ ਹੈ। ਮੀਆਂ ਮੁਹੰਮਦ ਬਖ਼ਸ਼ ਆਪਣੀ ਪ੍ਰਸਿੱਧ ਰਚਨਾ 'ਸੈਫ਼ੁਲ ਮਲੂਕ' ਵਿਚ ਪੰਨਾ 318 'ਤੇ ਲਿਖਦਾ ਹੈ –

**ਵਾਰਿਸ ਸ਼ਾਹ ਸੁਖ਼ਨ ਦਾ ਵਰਿਸ, ਨਿੰਦੇ ਕੌਣ ਉਨ੍ਹਾਂ ਨੂੰ,**
**ਹਰਫ਼ ਉਹਦੇ 'ਤੇ ਉਂਗਲ ਧਰਨੀ, ਨਹੀਂ ਕਦਰ ਅਸਾਂ ਨੂੰ।**

ਵਾਰਿਸ ਸ਼ਾਹ ਨੇ ਹਰ ਦੌਰ ਵਿਚ ਪੰਜਾਬੀ ਮਨ ਨੂੰ ਟੁੰਬਿਆ ਹੈ, ਕਿਉਂਕਿ ਜਿੱਥੇ ਉਹ ਪਾਠਕਾਂ ਦਾ ਮਨੋਰੰਜਨ ਕਰਦਾ ਹੈ, ਉੱਥੇ ਉਨ੍ਹਾਂ ਨੂੰ ਜੀਵਨ ਦੀਆਂ ਸੱਚਾਈਆਂ ਤੋਂ ਵੀ ਜਾਣੂ ਕਰਾਉਂਦਾ ਹੈ ਅਤੇ ਸਰਬੱਤ ਦੇ ਭਲੇ ਲਈ ਪ੍ਰੇਰਦਾ ਹੈ। ਤਾਹੀਉਂ, ਅੰਮ੍ਰਿਤਾ ਪ੍ਰੀਤਮ, 1947 ਦੇ ਦੁਖਾਂਤ ਨੂੰ ਚਿਤਰਦਿਆਂ, ਵਾਰਿਸ ਨੂੰ ਪੰਜਾਬੀਆਂ ਦੇ ਇਕ ਨਾਇਕ ਦੇ ਤੌਰ 'ਤੇ 'ਵਾਜਾਂ ਮਾਰਦੀ ਹੈ– "ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੋਂ ਕਬਰਾਂ ਵਿਚੋਂ ਬੋਲ।" ਆਓ! ਆਪਾਂ ਵੀ ਅੱਜ ਪੰਜਾਬ ਦੇ ਇਸ ਪੀਰ ਦੀ ਮਜ਼ਾਰ 'ਤੇ ਨਤਮਸਤਕ ਹੋ ਕੇ ਅਰਜ਼ ਗੁਜ਼ਾਰੀਏ ਕਿ ਗੁਰਾਂ ਦੇ ਨਾਮ 'ਤੇ ਵਸਦੇ ਪੰਜਾਬ ਅੰਦਰ ਅੱਜ ਜੋ ਕੁਝ ਵਾਪਰ ਰਿਹਾ ਹੈ, ਉਸ ਬਾਰੇ ਆਪਣੇ ਗਿਆਨ ਦਾ ਚਾਨਣ ਸਾਨੂੰ ਬਖ਼ਸ਼ੇ। ਖ਼ੈਰ!

'ਹੀਰ ਵਾਰਿਸ' ਪੰਜਾਬੀ ਸਭਿਆਚਾਰ ਦੀ ਮੁਕੰਮਲ ਤਸਵੀਰ ਪੇਸ਼ ਕਰਦੀ ਹੈ। ਇਹ ਉਸ ਸਮੇਂ ਦੇ ਪੰਜਾਬ ਦਾ ਇਤਿਹਾਸਨਾਮਾ ਵੀ ਹੈ। ਸੋ, ਪੰਜਾਬੀ ਬੋਲੀ, ਸਾਹਿਤ ਤੇ ਸੱਭਿਆਚਾਰ ਨੂੰ ਸਮਝਣ ਲਈ ਇਸ ਥਾਣੀ ਲੰਘਣਾ ਜ਼ਰੂਰੀ ਹੈ। ਪੰਜਾਬੀ ਦੇ ਲੇਖਕਾਂ ਤੇ ਕਵੀਆਂ ਲਈ ਤਾਂ ਇਸ ਦਾ ਅਧਿਐਨ ਕਰਨਾ ਹੋਰ ਵੀ ਜ਼ਰੂਰੀ ਬਣ ਜਾਂਦਾ ਹੈ, ਕਿਉਂਕਿ ਇਹ ਉਨ੍ਹਾਂ ਦੇ ਗਿਆਨ ਵਿਚ ਠੋਸ ਵਾਧਾ ਕਰਨ ਤੋਂ ਇਲਾਵਾ ਉਨ੍ਹਾਂ ਨੂੰ ਪੰਜਾਬੀ ਮਨ ਦੇ ਨੇੜੇ ਹੋ ਕੇ ਗੱਲ ਕਰਨ ਦੀ ਜੁਗਤ ਵੀ ਸਿਖਾਉਂਦੀ ਹੈ।... ਜਿਹੜਾ ਕਲਮਕਾਰ, ਵਾਰਿਸ ਸ਼ਾਹ ਦੀ ਝੋਲੀ ਵਿਚ ਸਿਰ ਰੱਖ ਕੇ ਉਸ ਪਾਸੋਂ ਸੱਚੇ ਦਿਲੋਂ ਕਿਸੇ ਖਿਆਲ ਦੀ ਦਾਤ ਮੰਗਦਾ ਹੈ, ਵਾਰਿਸ ਉਸ ਨੂੰ ਕਦੇ ਨਿਰਾਸ਼ ਨਹੀਂ ਕਰਦਾ-ਆਪਣੀ ਕੋਈ ਢੁੱਕਵੀਂ ਟੂਕ ਝੱਟ ਉਸ ਦੀ ਤਲੀ 'ਤੇ ਟਿਕਾ ਦਿੰਦਾ ਹੈ। ਇਹ ਮੇਰਾ ਵਿਸ਼ਵਾਸ ਹੀ ਨਹੀਂ, ਨਿੱਜੀ ਤਜ਼ਰਬਾ ਵੀ ਹੈ।

ਵਾਰਿਸ ਦੀ ਲੋਕ ਸੂਝ ਨੂੰ ਪ੍ਰਗਟਾਉਂਦੇ ਕਥਨ, ਅੱਜ ਅਖਾਣਾਂ ਦੇ ਰੂਪ ਵਿਚ ਸਾਡੇ ਜੀਵਨ 'ਚ ਇਉਂ ਘੁਲ-ਮਿਲ ਗਏ ਹਨ ਜਿਵੇਂ ਦੁੱਧ ਦੇ ਕਟੋਰੇ ਵਿਚ ਖੰਡ।

ਗੱਲ ਕੀ, ਵਾਰਿਸ ਨੇ ਆਪਣੇ ਗਿਆਨ ਦੇ ਅਟੁੱਟ ਭੰਡਾਰ ਨੂੰ ਕਿੱਸਾ ਹੀਰ ਦੀ ਆੜ ਵਿਚ ਪੰਜਾਬੀ ਜਗਤ ਦੇ ਵਿਹੜੇ ਵਿਚ ਢੇਰੀ ਕਰ ਦਿੱਤਾ ਹੈ। ਇਸ ਬਾਰੇ ਕੋਈ ਦੋ ਰਾਵਾਂ ਨਹੀਂ ਕਿ ਪੰਜਾਬੀ ਸਾਹਿਤ ਦੇ ਲਗਭਗ 800 ਸਾਲਾਂ ਦੇ ਇਤਿਹਾਸ ਵਿਚ ਵਾਰਿਸ ਤੋਂ ਵੱਡਾ ਸ਼ਾਇਰ ਹੋਰ ਕੋਈ ਪੈਦਾ ਹੀ ਨਹੀਂ ਹੋਇਆ। ਉਸ ਨੇ ਮਾਂ ਬੋਲੀ ਨੂੰ ਇਕ ਅਜਿਹੀ ਨੁੱਕਦਾਰ ਕਿਤਾਬ ਭੇਟ ਕੀਤੀ ਹੈ, ਜਿਸ ਨੂੰ ਦੁਨੀਆਂ ਦੀ ਕਿਸੇ ਵੀ ਜ਼ੁਬਾਨ ਦੇ ਸਾਹਿਤ ਦੇ ਮੁਕਾਬਲੇ ਲਈ ਪੇਸ਼ ਕੀਤਾ ਜਾ ਸਕਦਾ ਹੈ।

ਚੰਗਾ ਸਾਹਿਤ ਹਮੇਸ਼ਾ ਸਮੇਂ ਦੇ ਹਾਣ ਦਾ ਬਣਿਆ ਰਹਿੰਦਾ ਹੈ- ਆਪਣੇ-ਆਪ ਨੂੰ ਸਮੇਂ ਦੇ ਮੁਤਾਬਿਕ ਢਾਲ ਲੈਂਦਾ ਹੈ। 'ਹੀਰ ਵਾਰਿਸ' ਵਿਚ ਇਹ ਗੁਣ ਮੌਜੂਦ ਹੈ-ਢਾਈ ਸਦੀਆਂ ਪਹਿਲਾਂ ਲਿਖੀ ਗਈ ਇਹ ਰਚਨਾ ਅੱਜ ਦੇ ਯੁੱਗ ਵਿਚ ਵੀ ਉਨੀਉਂ ਸਾਰਥਿਕ ਹੈ। ਤੱਥ ਦੀ ਪੁਸ਼ਟੀ ਲਈ ਇਕ ਸ਼ਿਅਰ ਪੇਸ਼ ਹੈ –

**ਜਿਨ੍ਹਾਂ ਬੇਟੀਆਂ ਮਾਰੀਆਂ, ਰੋਜ਼ ਕਿਆਮਤ,**
**ਸਿਰ ਤਿਨ੍ਹਾਂ ਦੇ ਵੱਡਾ ਗੁਨਾਹ ਮੀਆਂ।**

ਦੂਜਾ, ਚੰਗਾ ਸਾਹਿਤ ਉਹ ਹੁੰਦਾ ਹੈ, ਜਿਸ ਨੂੰ ਬਾਰ-ਬਾਰ ਪੜ੍ਹਨ ਲਈ ਮਨ ਕਾਹਲਾ ਪਵੇ। ਸਾਈਰ ਕੌਨਲੀ ਦਾ ਕਥਨ ਹੈ- "ਸਾਹਿਤ, ਲਿਖਣ ਦੀ ਉਹ ਕਲਾ ਹੈ ਜਿਸ ਨੂੰ ਬਾਰ-ਬਾਰ ਪੜ੍ਹਿਆ ਜਾ ਸਕੇ।" ਵਾਰਿਸ ਦੀ 'ਹੀਰ' ਵੀ ਇਕ ਅਜਿਹੀ ਹੀ ਰਚਨਾ, ਜਿਸ ਦਾ ਜੀਵਨ ਭਰ ਪਾਠ ਕਰਦੇ ਰਹਿਣ ਨਾਲ ਵੀ ਰੂਹ ਨਹੀਂ ਭਰਦੀ, ਕਿਉਂਕਿ ਇਸ ਦੇ ਸ਼ਿਅਰਾਂ ਵਿਚ ਖਿਆਲ ਦੀ ਬੁਲੰਦੀ ਅਤੇ ਸੁਹਜ ਖ਼ੁਸ਼ਬੂ ਵਾਂਗ ਹਾਜ਼ਰ ਰਹਿੰਦੇ ਹਨ। ਲਓ! ਖ਼ੁਸ਼ਬੂ ਬਿਖੇਰਦਾ ਇਕ ਸ਼ਿਅਰ ਹਾਜ਼ਰ ਹੈ –

**ਰੰਨਾਂ ਦੇਣ ਗਾਲੀਂ ਅਸੀਂ ਚੁੱਪ ਰਹੀਏ,**
**ਐਡੇ ਸਬਰ ਦੇ ਪੈਰ ਕਿਸ ਧੋਵਨੇ ਨੇ।**

ਇਸ ਤਰ੍ਹਾਂ ਸੁਭਾਵਿਕ ਹੀ ਹੈ ਕਿ ਵਾਰਿਸ ਦੀ 'ਹੀਰ' ਪੜ੍ਹਨ ਵਾਲੇ ਦੇ ਥਕੇਵੇਂ ਨੂੰ ਮੁੱਠੀਆਂ ਭਰ-ਭਰ ਕੇ ਹੌਲਿਆਂ ਫੁੱਲ ਕਰ ਦਿੰਦੀ ਹੈ, ਯਾਨੀ ਇਸ ਦੀ ਮਦਹੋਸ਼ ਕਰਨ ਵਾਲੀ ਮਹਿਕ ਪੜ੍ਹਨ ਵਾਲੇ ਦੀ ਰੂਹ ਤੱਕ ਉੱਤਰ ਜਾਂਦੀ ਹੈ।

ਹਜ਼ਰਤ ਵਾਰਿਸ ਸ਼ਾਹ ਦਾ ਨਾਂ ਉਨ੍ਹਾਂ ਸੂਫ਼ੀ ਸ਼ਾਇਰਾਂ ਦੀ ਸੂਚੀ ਵਿਚ ਸਭ ਤੋਂ ਉੱਪਰ ਹੈ, ਜਿਨ੍ਹਾਂ ਨੇ ਇਕ ਇਸ਼ਕੀਆ ਕਹਾਣੀ ਨੂੰ ਮਜਾਜ਼ੀ ਰੰਗ ਵਿਚ ਪੇਸ਼ ਕਰਕੇ ਉਸ ਵਿਚ ਰੂਹਾਨੀਅਤ ਦਾ ਹਕੀਕੀ ਰੰਗ ਭਰ ਦਿੱਤਾ ਹੋਵੇ।... ਪਰ ਵਾਰਿਸ ਨੇ ਇਸ਼ਕ ਹਕੀਕੀ ਦਾ ਪਾਠ ਪੜ੍ਹਾਉਂਦਿਆਂ, ਗੱਭਰੂਆਂ ਅਤੇ ਮੁਟਿਆਰਾਂ ਦੇ ਜਜ਼ਬਾਤ ਤੇ ਵਲਵਲਿਆਂ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ, ਬਲਕਿ ਉਨ੍ਹਾਂ ਦੇ ਮਨ ਨੂੰ ਤੁਣਕਾ ਮਾਰਨ ਲਈ ਹੱਥ ਆਏ ਕਿਸੇ ਵੀ ਅਵਸਰ ਨੂੰ ਅਜਾਈਂ ਨਹੀਂ ਜਾਣ ਦਿੱਤਾ। ਮਿਸਾਲ ਵਜੋਂ, ਹੀਰ ਨੂੰ ਗੰਨੇ ਦੀ ਪੋਰੀ (ਚਹੀਕ) ਨਾਲ ਤਸ਼ਬੀਰ ਦੇ ਕੇ ਇਉਂ ਪੇਸ਼ ਕਰਦਾ ਹੈ-

**ਵਾਰਿਸ ਸ਼ਾਹ ਚਹੀਕ ਜੇ ਨਵੀਂ ਚੂਪੇਂ,**
**ਸੱਭੇ ਭੁੱਲ ਜਾਹਨੀ ਜਿਹੜੀਆਂ ਗਾਵਨਾ ਹੈਂ।**

ਸੂਫੀ ਸ਼ਾਇਰ ਤੇ ਦਰਵੇਸ਼ ਹੋਣ ਦੇ ਨਾਤੇ, ਉਹ ਲੋਕਾਂ ਨੂੰ ਚੰਗੇ ਵਰਤਾਰੇ ਤੇ ਨੇਕ ਸੁਭਾਅ ਦੀ ਮਤ ਦਿੰਦਾ ਹੈ ਅਤੇ ਜੱਗ ਦੇ ਕੂੜ ਨੂੰ ਭੰਡਦਾ ਹੈ। 'ਜੋ ਕਰਨਗੇ ਸੋ ਭਰਨਗੇ' ਦੇ ਫ਼ਲਸਫ਼ੇ ਦੀ ਗੱਲ ਕਰਦਿਆਂ, ਉਹ ਬੰਦੇ ਨੂੰ ਪੁੰਨ ਤੇ ਪਾਪ ਤੋਂ ਵੀ ਜਾਣੂ ਕਰਾਉਂਦਾ ਹੈ ਅਤੇ ਇਨਸਾਨੀ ਕਦਰਾਂ-ਕੀਮਤਾਂ 'ਤੇ ਪਹਿਰਾ ਦੇਣ ਲਈ ਪ੍ਰੇਰਦਾ ਹੈ। ਉਹ, ਜੀਵਨ ਵਿਚ ਮੰਜ਼ਿਲ ਦੀ ਪ੍ਰਾਪਤੀ ਲਈ ਲਗਾਤਾਰ ਜੱਦੋ-ਜਹਿਦ ਦੀ ਲੋੜ 'ਤੇ ਜ਼ੋਰ ਦਿੰਦਾ ਹੈ, ਜੀਵਨ ਵਿਚ ਕੁਝ ਜ਼ਿਕਰਯੋਗ ਕਰ ਗੁਜ਼ਰਨ ਦਾ ਸੁਨੇਹਾ ਦਿੰਦਾ ਹੈ। ਸ਼ਿਅਰ ਹੈ –

**ਵਾਰਿਸ ਸ਼ਾਹ ਉਹ ਸਦਾ ਈ ਜਿਊਂਦੇ ਨੇ,**
**ਜਿਨ੍ਹਾਂ ਕੀਤੀਆਂ ਨੇਕ ਕਮਾਈਆਂ ਨੇ।**

ਸੋ, ਕਿਹਾ ਜਾ ਸਕਦਾ ਹੈ ਕਿ 'ਹੀਰ ਵਾਰਿਸ' ਪੰਜਾਬੀ ਸਾਹਿਤ ਦਾ ਧੜਕਦਾ ਦਿਲ ਹੈ ਅਤੇ ਸੱਭਿਆਚਾਰ ਦਾ ਗੜ੍ਹ ਵੀ। ਦੁਨੀਆਂ ਦੇ ਸਾਹਿਤ ਵਿਚ ਬਹੁਤ ਘੱਟ ਪੁਸਤਕਾਂ ਅਜਿਹੀਆਂ ਹਨ, ਜਿਹੜੀਆਂ ਸਦੀਆਂ ਤੋਂ ਹੀ ਕਿਸੇ ਖਾਸ ਖਿੱਤੇ ਦੇ ਲੋਕਾਂ ਦੀਆਂ ਰੀਝਾਂ ਤੇ ਜਜ਼ਬਾਤ ਦੀ ਤਰਜਮਾਨੀ ਕਰਦੀਆਂ, ਉਨ੍ਹਾਂ ਦੇ ਖ਼ੂਨ ਵਿਚ ਰਚਮਿੱਚ ਗਈਆਂ ਹੋਣ। ਵਾਰਿਸ ਦੀ 'ਹੀਰ' ਅਜਿਹੀ ਹੀ ਇਕ ਮਾਣਮੱਤੀ ਪੁਸਤਕ ਹੈ, ਜਿਹੜੀ ਬਿਨਾਂ ਕਿਸੇ ਨਸਲੀ ਵਿਤਕਰੇ ਤੋਂ ਵਿਸ਼ਵ ਭਰ 'ਚ ਵਸਦੇ ਪੰਜਾਬੀਆਂ ਨੂੰ ਆਪਣੀਆਂ ਜੜ੍ਹਾਂ ਨਾਲ ਜੋੜਦੀ ਹੈ।

# ਰੁੱਖਾਂ ਦੀ ਸਭਿਆਚਾਰਕ ਪਛਾਣ

**ਰਾਜਵੰਤ ਕੌਰ ਪੰਜਾਬੀ (ਡਾ.)**



ਪ੍ਰਕਿਰਤੀ ਵਿਚ ਸਾਵਾਂਪਣ ਬਣਾਈ ਰੱਖਣ ਲਈ ਰੁੱਖਾਂ ਦੀ ਕਾਰਜਾਤਮਕ ਮਹੱਤਤਾ ਹੈ। ਜੇ ਧਰਤੀ ਉਤੇ ਰੁੱਖ ਜਾਂ ਜੰਗਲ ਨਾ ਹੁੰਦੇ ਤਾਂ ਧਰਤੀ ਦੀ ਹਾਲਤ ਕੁਝ ਹੋਰ ਹੀ ਹੋਣੀ ਸੀ ਅਤੇ ਮਨੁੱਖੀ ਜੀਵਨ ਸੰਭਵ ਨਹੀਂ ਸੀ ਹੋਣਾ। ਵਰਤਮਨ ਸਮੇਂ ਵਿਚ ਧਰਤੀ ਉਤੇ ਹੋ ਰਹੀ ਜੰਗਲਾਂ ਦੀ ਲਗਾਤਾਰ ਅਤੇ ਅੰਨ੍ਹੇਵਾਹ ਕਟਾਈ ਦਾ ਰੁਝਾਨ ਸਥਿਤੀ ਨੂੰ ਸੰਕਟਮਈ ਬਣਾ ਰਿਹਾ ਹੈ। ਇਹ ਕਰੁਚੀ ਮਾਨਵੀ ਜੀਵਨ ਦੇ ਰਾਹ ਵਿਚ ਕੰਡੇ ਬੀਜ ਰਹੀ ਹੈ ਜਿਸ ਦਾ ਸਿੱਟਾ ਆਉਣ ਵਾਲੀਆਂ ਪੀੜ੍ਹੀਆਂ ਨੂੰ ਭੁਗਤਣਾ ਪਵੇਗਾ।

ਸਭਿਆਚਾਰਕ ਪ੍ਰਸੰਗ ਵਿਚ ਰੁੱਖਾਂ ਦਾ ਮਨੁੱਖੀ ਜ਼ਿੰਦਗੀ ਨਾਲ ਅਟੁੱਟ ਰਿਸ਼ਤਾ ਹੈ ਕਿਉਂਕਿ ਜੁਗਾਂ-ਜੁਗਾਂਤਰਾਂ ਤੋਂ ਇਹ ਮਨੁੱਖ ਨਾਲ ਆਪਣੀ ਸਾਂਝ ਨਿਭਾਉਂਦੇ ਆ ਰਹੇ ਹਨ। ਵੇਦਾਂ, ਗ੍ਰੰਥਾਂ ਵਿਚ ਇਨ੍ਹਾਂ ਦੀ ਪ੍ਰਕ੍ਰਿਤਕ ਮਹੱਤਤਾ ਦਰਸਾਈ ਗਈ ਹੈ। ਜੰਗਲ, ਮਨੁੱਖ ਨੂੰ ਸ਼ੁੱਧ ਵਾਤਾਵਰਨ ਅਤੇ ਸ਼ਾਂਤ ਮਾਹੌਲ ਦਿੰਦੇ ਹਨ। ਇਸ ਕਰਕੇ ਪੁਰਾਣੇ ਸਮਿਆਂ ਵਿਚ ਭਗਤੀ ਅਤੇ ਵਿੱਦਿਆ ਦੀ ਪ੍ਰਾਪਤੀ ਦੇ ਚਾਹਵਾਨ ਜੰਗਲਾਂ ਵਿਚ ਜਾਂਦੇ ਰਹੇ ਹਨ।

ਆਦਿ ਮਨੁੱਖ ਰੁੱਖਾਂ ਥੱਲੇ ਆਪਣੀ ਰਿਹਾਇਸ਼ ਕਰਦਾ ਰਿਹਾ ਹੈ। ਉਹ ਢਿੱਡ ਭਰਨ ਲਈ ਫਲ ਅਤੇ ਪੱਤਿਆਂ ਨੂੰ ਵਰਤਦਾ ਰਿਹਾ ਹੈ ਅਤੇ ਕੁਝ ਸੋਝੀ ਆਉਣ ਤੇ ਰੁੱਖਾਂ ਦੇ ਪੱਤਿਆਂ ਨਾਲ ਆਪਣਾ ਤਨ ਢੱਕਣ ਦਾ ਕਾਰਜ ਵੀ ਕਰਦਾ ਰਿਹਾ ਹੈ। ਅਰਥਾਤ ਰੁੱਖ ਹੀ ਮਨੁੱਖ ਦੀਆਂ ਰੋਟੀ, ਕੱਪੜਾ ਅਤੇ ਮਕਾਨ ਸੰਬੰਧੀ ਮੁੱਢਲੀਆਂ ਲੋੜਾਂ ਪੂਰੀਆਂ ਕਰਦੇ ਹਨ। ਕੁਦਰਤ ਨੇ ਮਨੁੱਖ ਤੋਂ ਪਹਿਲਾਂ ਜੰਗਲ-ਬੇਲੇ ਇਸ ਲਈ ਪੈਦਾ ਕੀਤੇ ਕਿਉਂਕਿ ਇਨ੍ਹਾਂ ਤੋਂ ਬਿਨਾਂ ਮਨੁੱਖੀ ਜੀਵਨ ਅਸੰਭਵ ਸੀ। ਕਿਸੇ ਕਵੀ ਦੇ ਬੋਲ ਵੀ ਕੁਦਰਤ ਦੇ ਇਸ ਕਾਨੂੰਨ ਦੀ ਗਵਾਹੀ ਭਰਦੇ ਨਜ਼ਰ ਆਉਂਦੇ ਹਨ:

**ਪਹਿਲਾਂ ਬਣੀ ਪਰਾਲਬਧ, ਪਾਛੇ ਬਣਿਆ ਸਰੀਰ।**

ਭਾਵ ਮਨੁੱਖ ਦੇ ਜਨਮ ਤੋਂ ਪਹਿਲਾਂ ਹੀ ਉਸ ਦੇ ਆਹਾਰ ਦਾ ਇੰਤਜ਼ਾਮ ਕੁਦਰਤ ਵੱਲੋਂ ਹੋ ਜਾਂਦਾ ਹੈ। ਆਹਾਰ ਤੋਂ ਬਿਨਾਂ ਹੋਰ ਵੀ ਕਿਸੇ ਨਾ ਕਿਸੇ ਰੂਪ ਵਿਚ ਰੁੱਖ ਸਾਡੇ ਕੰਮ ਆਉਂਦੇ ਰਹਿੰਦੇ ਹਨ। 'ਪਰਾਲਬਧ' ਵਾਸਤੇ ਪੁਰਾਣਾ ਮਨੁੱਖ ਰੁੱਖਾਂ ਤੇ ਹੀ ਨਿਰਭਰ ਕਰਦਾ ਸੀ। ਸ਼ਾਇਦ ਇਸੇ ਕਰਕੇ ਉਸ ਨੇ ਇਨ੍ਹਾਂ ਦੀ ਪੂਜਾ ਕਰਨੀ ਸ਼ੁਰੂ ਕਰ ਦਿੱਤੀ ਸੀ। ਪੂਜਾ ਤੋਂ ਅੱਗੇ ਚੱਲ ਕੇ ਲੋਕਾਂ ਨੇ ਕਈ ਰੁੱਖਾਂ ਹੇਠ ਖੜ੍ਹੋ ਕੇ ਸੁੱਖਾਂ ਸੁੱਖਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਫੇਰ ਰੁੱਖਾਂ ਥੱਲੇ ਥੜ੍ਹੇ ਬਣਨੇ ਸ਼ੁਰੂ ਹੋ ਗਏ। ਇਸ ਤਰ੍ਹਾਂ ਪੂਜਾ ਦੀ ਸਮੱਗਰੀ ਵੀ ਵਰਤੋਂ ਵਿਚ ਆਉਣ ਲੱਗੀ ਅਤੇ ਰੁੱਖਾਂ ਪ੍ਰਤੀ ਮਨੁੱਖ ਦਾ ਸਤਿਕਾਰ ਹੋਰ ਵੀ ਵੱਧ ਗਿਆ।

ਕਈ ਰੁੱਖਾਂ ਦਾ ਖ਼ਾਸ ਮੌਸਮਾਂ ਨਾਲ ਵਿਸ਼ੇਸ਼ ਸੰਬੰਧ ਜੁੜਿਆ ਹੋਇਆ ਹੈ। ਸਾਉਣ ਦਾ ਮਹੀਨਾ ਸ਼ੁਰੂ ਹੁੰਦਿਆਂ ਹੀ ਕੁੜੀਆਂ ਇਕ ਦੂਜੀ ਨੂੰ ਪਿੱਪਲ ਤੇ ਪੀਂਘ ਪਾਉਣ ਦਾ ਸੱਦਾ ਦਿੰਦੀਆਂ ਹਨ। ਗਰਮੀ ਤੋਂ ਬਚਾਉ ਲਈ ਰੁੱਖਾਂ ਦੀਆਂ ਛਾਵਾਂ ਅਤੇ ਸੁਹਾਵਣੇ ਮੌਸਮ ਦਾ ਆਨੰਦ ਲੈਣ ਲਈ ਮੁਟਿਆਰਾਂ ਵੱਲੋਂ ਰੁੱਖਾਂ ਉਤੇ ਪੀਂਘ ਪਾ ਕੇ ਤੀਆਂ ਦੇ ਤਿਉਹਾਰ ਦਾ ਆਨੰਦ ਮਾਣਿਆ ਜਾਂਦਾ ਹੈ। ਪਿੱਪਲ ਦੇ ਰੁੱਖ ਨੂੰ ਪਵਿੱਤਰ ਮੰਨ ਕੇ ਉਸ ਤੋਂ ਸਵਰਗਾਂ ਦਾ ਰਾਹ ਪੁੱਛਿਆ ਜਾਂਦਾ ਹੈ:

**'ਪਿੱਪਲਾ ਦੱਸ ਦੇ ਵੇ, ਕਿਹੜਾ ਰਾਹ ਸੁਰਗਾਂ ਨੂੰ ਜਾਵੇ?'**

ਇਸ ਕਰਕੇ ਪਿੱਪਲ ਆਪਣੇ ਧੰਨ ਭਾਗ ਸਮਝਦਾ ਹੈ ਤੇ ਸਾਉਣ ਦੇ ਮਹੀਨੇ ਕੁੜੀਆਂ ਵੱਲੋਂ ਉਸ ਉਤੇ ਪੀਂਘਾਂ ਪਾਉਣ ਤੇ ਉਹ ਆਪਣੀ ਖੁਸ਼ੀ ਦਾ ਇਜ਼ਹਾਰ ਲੋਕ ਗੀਤਾਂ ਰਾਹੀਂ ਕਰਦਾ ਹੈ।

'ਪਿੱਪਲ' ਪੰਜਾਬੀ ਸੱਭਿਆਚਾਰ ਵਿਚ ਇਕ ਬਹੁ ਮੰਤਵੀ ਰੁੱਖ ਵਜੋਂ ਵਿਚਰਦਾ ਹੈ। ਆਪਣੇ ਪਿਆਰ ਨੂੰ ਘਰ ਦੀ ਨਿਸ਼ਾਨੀ ਦੱਸਣ ਲਈ ਕਈ ਵਾਰ ਮੁਟਿਆਰ ਨੂੰ ਬੂਹੇ ਮੂਹਰੇ ਲੱਗੇ ਪਿੱਪਲ ਦਾ ਸਹਾਰਾ ਲੈਣਾ ਪੈਂਦਾ ਹੈ। ਦਿਲ ਦੀਆਂ ਗੱਲਾਂ ਸਾਂਝੀਆਂ ਕਰਨ ਲਈ ਪਿੱਪਲ ਨੂੰ 'ਸੱਚੇ ਮਿੱਤਰ' ਦਾ ਦਰਜਾ ਪ੍ਰਾਪਤ ਹੈ। ਜਦੋਂ ਸਭ ਪਾਸੇ ਬਹਾਰ ਛਾਈ ਹੁੰਦੀ ਹੈ ਤਾਂ ਪਿੱਪਲ ਤੇ ਵੀ ਬਹਾਰ ਆਉਂਦੀ ਹੈ। ਇਸ ਬਹਾਰ ਦੇ ਸਮੇਂ ਕੋਈ ਵੀ ਮੁਟਿਆਰ ਆਪਣੇ ਮਾਹੀ ਜਾਂ ਪ੍ਰੇਮੀ ਤੋਂ ਦੂਰ ਹੋ ਕੇ ਖਿਜ਼ਾਂ ਦਾ ਮੌਸਮ ਨਹੀਂ ਲਿਆਣਾ ਚਾਹੁੰਦੀ। ਜੇ ਕਿਸੇ ਮਜ਼ਬੂਰੀ ਵੱਸ ਉਹ ਦੇ ਮਾਹੀ ਨੂੰ ਪ੍ਰਦੇਸ ਜਾਣਾ ਵੀ ਪੈ ਜਾਵੇ ਤਾਂ ਉਹ ਪਿੱਪਲ ਨਾਲ ਹੀ ਆਪਣੇ ਦੁੱਖ-ਸੁੱਖ ਸਾਂਝੇ ਕਰਦੀ ਹੈ:

**ਪਿੱਪਲ ਦਿਆ ਪੱਤਿਆ**
**ਕੇਹੀਆਂ ਛੱਡੀਆਂ ਲਗਰਾਂ ਵੇ**
**ਢੋਲ ਪਰਦੇਸੀ ਮੇਰਾ,**
**ਕੌਣ ਲਿਆਵੇ ਖ਼ਬਰਾਂ ਵੇ?**

'ਪਿੱਪਲ' ਨੂੰ ਪੰਜਾਬੀ ਸਭਿਆਚਾਰ ਵਿਚ ਇਸ ਕਰਕੇ ਵਿਸ਼ੇਸ਼ ਸਥਾਨ ਪ੍ਰਾਪਤ ਹੈ ਕਿਉਂਕਿ ਮਹਾਤਮਾ ਬੁੱਧ ਨੂੰ ਪਿੱਪਲ ਹੇਠਾਂ 'ਆਤਮ ਗਿਆਨ' ਦੀ ਸੋਝੀ ਹੋਈ ਸੀ ਅਤੇ ਜੀਵ ਦੇ ਨਾਸ਼ਵਾਨ ਹੋਣ ਦਾ ਸੰਕਲਪ ਦ੍ਰਿੜ੍ਹ ਹੋਇਆ ਸੀ। ਹਿੰਦੂ ਲੋਕ ਪਿੱਪਲ ਨੂੰ 'ਬ੍ਰਹਮਾ' ਦਾ ਅਵਤਾਰ ਮੰਨਦੇ ਹਨ। ਲੋਕ ਮੱਤ ਹੈ

ਕਿ ਪਿੱਪਲ ਦੀ ਪੂਜਾ ਕਰਨ ਨਾਲ ਬ੍ਰਹਮਾ ਦੀ ਪੂਜਾ ਹੋ ਜਾਂਦੀ ਹੈ। ਇਸ ਤਰ੍ਹਾਂ ਇਸ ਰੁੱਖ ਦਾ ਧਾਰਮਿਕ ਮਹੱਤਵ ਵੀ ਪ੍ਰਗਟ ਹੋ ਜਾਂਦਾ ਹੈ। ਪਿੱਪਲ ਨੂੰ ਕਈ ਬੀਮਾਰੀਆਂ ਦੇ ਇਲਾਜ ਲਈ ਵੀ ਵਰਤਿਆ ਜਾਂਦਾ ਹੈ। ਇਸ ਦੀ ਸੁੱਕੀ ਛਿੱਲ ਨੂੰ ਸਾੜ ਕੇ, ਪਾਣੀ ਵਿਚ ਘੋਲਣ ਉਪਰੰਤ ਪੁਣ ਕੇ ਪਿਆਉਣ ਨਾਲ ਉਲਟੀਆਂ, ਟੱਟੀਆਂ ਅਤੇ ਮਰੋੜ ਦੂਰ ਹੋ ਜਾਂਦੇ ਹਨ। ਦੰਦਾਂ ਤੇ ਮਸੂੜਿਆਂ ਦੇ ਰੋਗਾਂ ਲਈ ਵੀ ਇਸ ਦੀ ਛਿੱਲ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਦੀ ਛਿੱਲ ਚਮੜਾ ਰੰਗਣ ਦੇ ਕੰਮ ਆਉਂਦੀ ਹੈ। ਇਸ ਦੀ ਲਾਖ ਤੋਂ ਬਟਨ, ਮੌਮ ਅਤੇ ਪਲਾਸਟਿਕ ਦੀਆਂ ਤਾਰਾਂ ਉਪਰ ਚੜ੍ਹਾਉਣ ਵਾਲਾ ਪਲਾਸਟਿਕ ਬਣਾਇਆ ਜਾਂਦਾ ਹੈ।

'ਬੋਹੜ' ਦਾ ਰੁੱਖ ਆਪਣੀ ਵਡੇਰੀ ਉਮਰ ਅਤੇ ਸੰਘਣੇਪਣ ਲਈ ਪ੍ਰਸਿੱਧ ਹੈ। ਇਹ ਕਈ ਸੌ ਸਾਲ ਜਿਉਂਦਾ ਰਹਿੰਦਾ ਹੈ ਅਤੇ 70 ਤੋਂ 100 ਫੁੱਟ ਤੱਕ ਉਚਾ ਹੋ ਜਾਂਦਾ ਹੈ। ਇਸ ਦੀਆਂ ਜੜ੍ਹਾਂ ਧਰਤੀ ਵਿਚ ਬਹੁਤ ਦੂਰ ਤੱਕ ਆਪਣੀ ਪਕੜ ਬਣਾਈ ਰੱਖਦੀਆਂ ਹਨ। ਪੁਰਾਣੇ ਸਮੇਂ ਵਿਚ ਰਿਸ਼ੀ ਮੁਨੀ ਇਸ ਹੇਠਾਂ ਬੈਠ ਕੇ ਤਪੱਸਿਆ ਕਰਦੇ ਸਨ। ਸ਼ਾਇਦ ਏਸੇ ਕਰਕੇ ਕਈ ਲੋਕ ਬੋਹੜ ਦੇ ਰੁੱਖ ਦੀ ਪੂਜਾ ਕਰਦੇ ਹਨ। ਬੋਹੜ ਨੂੰ ਬੜ ਜਾਂ ਬਰੋਟਾ ਵੀ ਕਿਹਾ ਜਾਂਦਾ ਹੈ। ਇਸ ਦੀ ਲੱਕੜ ਸਿਰਫ਼ ਬਾਲਣ ਦੇ ਕੰਮ ਆਉਂਦੀ ਹੈ। ਇਸ ਕਰਕੇ ਅੱਜਕਲ੍ਹ ਇਹ ਰੁੱਖ ਘੱਟ ਨਜ਼ਰ ਆਉਂਦਾ ਹੈ। ਇਹ ਗਰਮੀਆਂ ਵਿਚ ਠੰਡੀ ਤੇ ਸੰਘਣੀ ਛਾਂ ਦਿੰਦਾ ਹੈ। ਇਸ ਦੇ ਪੱਤੇ, ਦੁੱਧ, ਛਿੱਲ ਅਤੇ ਦਾੜ੍ਹੀ ਨੂੰ ਕਈ ਦਵਾਈਆਂ ਵਿਚ ਵਰਤਿਆ ਜਾਂਦਾ ਹੈ। ਨਕਸੀਰ ਬੰਦ ਕਰਨ ਲਈ ਇਸ ਦੇ ਛੋਟੇ-ਛੋਟੇ ਨਰਮ ਪੱਤੇ ਪਾਣੀ ਵਿਚ ਘੋਟ ਕੇ ਮਿਸ਼ਰੀ ਮਿਲਾ ਕੇ ਦਿੱਤੇ ਜਾਂਦੇ ਹਨ। ਦਿਲ, ਦਿਮਾਗ਼ ਤੇ ਸਿਰ ਦੀਆਂ ਬੀਮਾਰੀਆਂ ਠੀਕ ਕਰਨ ਲਈ ਵੀ ਇਸ ਦੀ ਵਰਤੋਂ ਕੀਤੀ ਜਾਂਦੀ ਹੈ।

ਆਮ ਤੌਰ ਤੇ ਬਰੋਟੇ ਦਾ ਰੁੱਖ ਪਿੱਪਲ ਨਾਲੋਂ ਭਾਰਾ ਹੁੰਦਾ ਹੈ। ਦੋਵੇਂ ਉਚੇ, ਲੰਮੇ ਅਤੇ ਵੱਡਅਕਾਰੀ ਰੁੱਖ ਹੁੰਦੇ ਹਨ। ਜਿਵੇਂ ਕਿਸੇ ਮੁਟਿਆਰ ਨੂੰ ਸਹੁਰਿਆਂ ਨਾਲੋਂ ਆਪਣੇ ਪੇਕਿਆਂ ਤੇ ਜ਼ਿਆਦਾ ਮਾਣ ਹੁੰਦਾ ਹੈ ਉਸੇ ਤਰ੍ਹਾਂ ਲੋਕ ਮਨ ਵੱਲੋਂ ਬਰੋਟੇ ਨਾਲੋਂ ਜ਼ਿਆਦਾ ਪਿੱਪਲ ਦੇ ਰੁੱਖ ਨੂੰ ਮਾਨਤਾ ਦਿੱਤੀ ਗਈ ਹੈ। ਭਾਵੇਂ ਵੱਡੇ ਤੇ ਚੌੜੇ ਪੱਤਿਆਂ ਕਾਰਨ ਬਰੋਟੇ ਦੀ ਛਾਂ ਵੀ ਸੰਘਣੀ ਤੇ ਜ਼ਿਆਦਾ ਹੁੰਦੀ ਹੈ ਪਰ ਨਵਵਿਆਹੁਲੀ ਨੂੰ ਆਪਣੇ ਕੇਸ ਸੁਕਾਉਣ ਲਈ ਬਰੋਟੇ ਦੀ ਛਾਂ ਚੰਗੀ ਨਹੀਂ ਲੱਗਦੀ :

**ਘੁੰਮ ਘੁੰਮ ਬਰੋਟੇ ਵੇ, ਤੇਰੀ ਛਾਵੇਂ ਮੈਂ ਖੜ੍ਹੀ।**
**ਖੜ੍ਹੀ ਖੜ੍ਹੀ ਮੈਂ ਸੁਕਾਵਾਂ, ਕਾਲੇ ਕਾਲੇ ਕੇਸ।**
**ਹਵਾ ਨਹੀਂ ਲੱਗਦੀ, ਕੇਸ ਨਹੀਂ ਸੁੱਕਦੇ**
**ਹੁਣ ਚੇਤੇ ਆਂਵਦਾ, ਵੇ ਬਾਬਲ ਤੇਰਾ ਦੇਸ।**

ਜਿਨ੍ਹਾਂ ਮੁਟਿਆਰਾਂ ਦੇ ਮਾਹੀ ਕੋਲ ਹੁੰਦੇ ਹਨ ਉਹ ਤਾਂ ਖੁਸ਼ੀ ਖੁਸ਼ੀ ਬੋਹੜ ਦੇ ਰੁੱਖ ਤੇ ਪੀਂਘਾਂ ਝੂਟਦੀਆਂ ਹਨ ਪਰ ਜੇ ਕਿਸੇ ਮੁਟਿਆਰ ਦਾ ਮਾਹੀ ਕੋਲ ਨਾ ਹੋਵੇ ਤਾਂ ਉਹ ਦੂਜੀਆਂ ਸਹੇਲੀਆਂ ਨੂੰ ਪੀਂਘਾਂ ਝੂਟਦੀਆਂ ਵੇਖ ਕੇ ਇਕ ਹਉਕਾ ਜਿਹਾ ਲੈਂਦੀ ਹੈ। ਵਿਹੜੇ ਲੱਗਾ ਬੋਹੜ ਜੇ ਕਿਤੇ ਮੁਟਿਆਰ ਦੇ ਪਿਤਾ ਨੇ ਲਾਇਆ ਹੋਵੇ ਤਾਂ ਉਹ ਖੁਸ਼ੀ ਵਿਚ ਝੂਮਦੀ ਸਹੇਲੀਆਂ ਕੋਲ ਮਾਣ ਭਰੇ ਜਜ਼ਬਿਆਂ ਨੂੰ ਪ੍ਰਗਟ ਕਰਦੀ ਹੈ :

**ਮੇਰੇ ਬਾਪ ਦਾ ਲਗਾਇਆ**
**ਹੋਇਆ, ਬੜ (ਬਰੋਟਾ) ਵੇ,**
**ਜੜ੍ਹਾਂ ਨੇ ਪਤਾਲੀਂ ਜੋਹਦੀਆਂ।**

ਰੁੱਖ ਪੰਜਾਬੀ ਸਭਿਆਚਾਰ ਦੀ ਜਿੰਦ-ਜਾਨ ਹਨ। ਸਮਾਜਿਕ ਅਤੇ ਸੱਭਿਆਚਾਰਕ ਦ੍ਰਿਸ਼ਟੀ ਤੋਂ 'ਕਿੱਕਰ' ਦੇ ਰੁੱਖ ਦਾ ਜ਼ਿਕਰ ਅਕਸਰ ਸੁਣਨ-ਗਾਉਣ ਵਿਚ ਆਉਂਦਾ ਹੈ। ਇਹ 'ਭਾਰਤੀ' ਅਤੇ 'ਪਹਾੜੀ' ਦੋ ਕਿਸਮ ਦੀ ਹੁੰਦੀ ਹੈ। ਭਾਰਤੀ ਕਿੱਕਰ ਦੀ ਉਚਾਈ 50-60 ਫੁੱਟ ਹੁੰਦੀ ਹੈ। ਅੰਗਰੇਜ਼ੀ ਵਿਚ ਇਸ ਨੂੰ 'ਬਬੂਲ' ਕਿਹਾ ਜਾਂਦਾ ਹੈ। ਇਸ ਰੁੱਖ ਦਾ ਆਮ ਲੋਕਾਂ ਨਾਲ ਬੜਾ ਵਾਹ-ਵਾਸਤਾ ਰਿਹਾ ਹੈ। ਇਸ ਦੀ ਲੱਕੜ ਬਾਲਣ ਦੇ ਕੰਮ ਵੀ ਆਉਂਦੀ ਹੈ ਅਤੇ ਫਰਨੀਚਰ ਬਣਾਉਣ ਦੇ ਵੀ। ਇਸ ਤਰ੍ਹਾਂ ਇਹਦੀ ਲੱਕੜ ਤਰ੍ਹਾਂ-ਤਰ੍ਹਾਂ ਦੇ ਕੰਮ ਆਉਂਦੀ ਹੈ ਜਿਸ ਦੀ ਗਵਾਹੀ ਪੰਜਾਬੀ ਲੋਕਗੀਤ ਵੀ ਭਰਦੇ ਹਨ :

**ਛੇਤੀ ਛੇਤੀ ਵਧ ਕਿੱਕਰੇ**
**ਅਸੀਂ ਸੱਸ ਦਾ ਸੰਦੂਕ ਬਣਾਉਣਾ।**

ਇਸ ਦੀ ਛਿੱਲ ਕੱਪੜਾ ਤੇ ਚਮੜਾ ਰੰਗਣ ਦੇ ਕੰਮ ਆਉਂਦੀ ਹੈ। ਪਿੰਡਾਂ ਵਿਚ ਦੇਸੀ ਸ਼ਰਾਬ ਬਣਾਉਣ ਲਈ ਵੀ ਇਸ ਦੀ ਛਿੱਲ ਦੀ ਵਰਤੋਂ ਕੀਤੀ ਜਾਂਦੀ ਹੈ। ਕਿੱਕਰ ਦੇ ਸੱਕ, ਫੁੱਲ ਅਤੇ ਤੁੱਕਿਆਂ ਤੋਂ ਕਈ ਬਿਮਾਰੀਆਂ ਦੇ ਇਲਾਜ ਲਈ ਦੇਸੀ ਦਵਾਈਆਂ ਤਿਆਰ ਕੀਤੀਆਂ ਜਾਂਦੀਆਂ ਹਨ। ਗਲਾ ਖਰਾਬ ਹੋਣ ਤੇ ਇਸ ਦੇ ਸੱਕ ਨੂੰ ਪਾਣੀ ਵਿਚ ਭਿਉਂ ਕੇ ਗਰਾਰੇ ਕੀਤੇ ਜਾਂਦੇ ਹਨ। ਵੈਦ ਲੋਕ ਕਿੱਕਰ ਦੇ ਫੁੱਲਾਂ ਦੀ ਗੁਲਕੰਦ ਬਣਾਉਂਦੇ ਹਨ ਜੋ ਫੋੜੇ ਫਿੰਸੀਆਂ ਦੂਰ ਕਰਨ ਲਈ ਉਪਯੋਗੀ ਮੰਨੀ ਜਾਂਦੀ ਹੈ ਅਤੇ ਖ਼ੂਨ ਵੀ ਸਾਫ਼ ਕਰਦੀ ਹੈ। ਇਸ ਦੇ ਫੁੱਲ ਲਕੋਰੀਆਂ ਬੀਮਾਰੀ ਦੇ ਇਲਾਜ ਲਈ ਵੀ ਵਰਤੇ ਜਾਂਦੇ ਹਨ। ਇਸ ਦੇ ਤੁੱਕੇ ਜਿਥੇ ਬੱਕਰੀਆਂ ਲਈ ਪਸੰਦੀਦਾ ਆਹਾਰ ਬਣਦੇ ਹਨ ਉਥੇ ਮਨੁੱਖੀ ਪਾਚਨ ਸ਼ਕਤੀ ਨੂੰ ਤੰਦਰੁਸਤ ਕਰਨ ਲਈ ਤੁੱਕਿਆਂ ਦਾ ਆਚਾਰ ਵੀ ਪਾਇਆ ਜਾਂਦਾ ਹੈ।

ਕਿੱਕਰ ਦੀ ਦਾਤਣ ਦੀ ਰੋਜ਼ਾਨਾ ਵਰਤੋਂ ਹੁੰਦੀ ਹੈ। ਭਾਵੇਂ ਆਧੁਨਿਕ ਸਮੇਂ ਵਿਚ ਦੰਦ ਸਾਫ਼ ਕਰਨ ਲਈ ਕਈ ਸਾਧਨ ਵਰਤੇ ਜਾਂਦੇ ਹਨ ਪਰ ਫੇਰ ਵੀ ਇਸ ਰੁੱਖ ਦੀ ਦਾਤਣ ਨੂੰ ਅਜੇ ਵੀ ਸ੍ਰੇਸ਼ਟ ਸਮਝਿਆ ਜਾਂਦਾ ਹੈ। ਇਹ ਜਿਥੇ ਦੰਦ ਸਾਫ਼ ਕਰਦੀ ਹੈ, ਉਥੇ ਮਸੂੜਿਆਂ ਨੂੰ ਵੀ ਬੀਮਾਰੀਆਂ ਤੋਂ ਬਚਾਈ ਰੱਖਦੀ ਹੈ ਅਤੇ ਇਸ ਦੀ ਛਿੱਲ ਦਾ ਰਸ ਮੂੰਹ ਨੂੰ ਵੀ ਸਵਾਦਲਾ ਬਣਾਉਂਦਾ ਹੈ:

**ਦੰਦਾਂ ਨੂੰ ਚਮਕਾਵੇ ਦਾਤਣ ਕਿੱਕਰ ਦੀ।**

ਪਹਾੜੀ ਕਿੱਕਰ ਦੇ ਕੰਡੇ ਬਹੁਤ ਤਿੱਖੇ ਹੁੰਦੇ ਹਨ ਅਤੇ ਉਸ ਦੀ ਦਾਤਣ ਵੀ ਨਹੀਂ ਕੀਤੀ ਜਾਂਦੀ। ਜੇ ਰੋਹੀਆਂ ਵਿਚ ਇਕੱਲੀ ਕਿੱਕਰ ਖੜ੍ਹੀ ਹੋਵੇ ਤਾਂ ਉਹ ਚੰਗੀ ਨਹੀਂ ਸਮਝੀ ਜਾਂਦੀ। ਪਾਣੀ ਦੀ ਘਾਟ ਕਰਕੇ ਰੋਹੀ ਵਿਚ ਉਗੀ ਕਿੱਕਰ ਜ਼ਿਆਦਾ ਕਾਲੀ ਹੋ ਜਾਂਦੀ ਹੈ। ਜਿਸ ਕਿੱਕਰ ਦੇ ਰੁੱਖ ਥੱਲੋਂ ਕਿਸੇ ਭੈਣ ਦਾ ਭਰਾ ਲੰਘ ਜਾਵੇ ਤਾਂ ਉਸ ਭੈਣ ਨੂੰ ਉਹ ਰੁੱਖ ਸੁਗੰਧਾਂ ਵੰਡਦਾ ਅਤੇ ਤੁੱਕਿਆਂ ਦੀ ਥਾਂ ਫਲ ਦੇ ਰੂਪ ਵਿਚ ਪਤਾਸੇ ਦਿੰਦਾ ਜਾਪਦਾ ਹੈ :

**ਜਿਥੋਂ ਦੀ ਮੇਰਾ ਵੀਰ ਲੰਘ ਜਾਏ।**
**ਉਨ੍ਹਾਂ ਕਿੱਕਰਾਂ ਨੂੰ ਲੱਗਣ ਪਤਾਸੇ।**

'ਟਾਹਲੀ' ਦਾ ਰੁੱਖ ਉਚਾ-ਲੰਮਾ ਹੁੰਦਾ ਹੈ। ਇਸ ਦੀ ਹਰਿਆਵਲ ਤੇ ਛਾਂ ਬਾਕੀ ਰੁੱਖਾਂ ਨਾਲੋਂ ਕੁਝ ਜ਼ਿਆਦਾ ਹੁੰਦੀ ਹੈ। ਇਸ ਦੀ ਲੱਕੜ ਕਿੱਕਰ ਦੀ ਲੱਕੜ ਨਾਲੋਂ ਹੌਲੀ ਹੁੰਦੀ ਹੈ। ਇਸ ਕਰਕੇ ਕਿੱਕਰ ਦੀ ਲੱਕੜ ਤੋਂ ਬਣਿਆ ਚਰਖਾ ਭਾਰਾ ਅਤੇ ਹੰਢਣਸਾਰ ਮੰਨਿਆ ਜਾਂਦਾ ਹੈ ਪਰ ਟਾਹਲੀ ਦਾ ਬਣਿਆ

ਚਰਖਾ ਹੌਲਾ ਹੁੰਦਾ ਹੈ। ਨਿਮਨ ਲਿਖਤ ਲੋਕਗੀਤ ਤੋਂ ਟਾਹਲੀ ਦੀ ਮਹੱਤਤਾ ਸਪੱਸ਼ਟ ਨਜ਼ਰੀ ਆਉਂਦੀ ਹੈ ਜਿਸ ਵਿਚ ਇਕ ਮੁਟਿਆਰ ਆਪਣੇ ਮਾਹੀ ਨੂੰ ਟਾਹਲੀ ਦਾ ਚਰਖਾ ਬਣਵਾ ਕੇ ਦੇਣ ਦੀ ਮੰਗ ਕਰਦੀ ਹੈ :

**ਚਰਖਾ ਮੇਰਾ ਕਿੱਕਰ ਦਾ ਤੂੰ ਟਾਹਲੀ ਦਾ ਬਣਵਾ ਦੇ।**
**ਏਸ ਚਰਖੇ ਦਾ ਹਿੱਲੇ ਮਝੇਰੂ ਮਾਲ੍ਹਾਂ ਬਹੁਤੀਆਂ ਖਾਵੇ।**
**ਮੇਰੇ ਨਾਲ ਦੀਆਂ ਕੱਤ ਕੇ ਸੌਂਗੀਆਂ ਮੈਥੋਂ ਕੱਤਿਆ ਨਾ ਜਾਵੇ।**
**ਚਰਖਾ ਬੂ ਚੰਦਰਾ ਅੱਲੜਾਂ ਦੀ ਨੀਂਦ ਗੁਆਵੇ।**

ਚਰਖੇ ਤੋਂ ਬਿਨਾਂ ਟਾਹਲੀ ਦਾ ਸੰਦੂਕ, ਪਲੰਘ, ਹਲ਼, ਪੰਜਾਲੀ, ਗੱਡਾ ਅਤੇ ਹੋਰ ਸਮਾਨ ਵੀ ਬਣਦਾ ਹੈ। ਇਸ ਰੁੱਖ ਦੇ ਪੱਤੇ ਕੁਝ ਕੁਸੈਲੇ ਹੁੰਦੇ ਹਨ ਪਰ ਇਨ੍ਹਾਂ ਨੂੰ ਗਰਮ ਕਰਕੇ, ਮਿੱਠੇ ਤੇਲ ਵਿਚ ਭਿਉਂ ਕੇ ਬੰਨ੍ਹਣ ਨਾਲ ਛਿੱਲੀ ਹੋਈ ਚਮੜੀ ਨੂੰ ਆਰਾਮ ਆ ਜਾਂਦਾ ਹੈ। ਚਮੜੀ ਰੋਗਾਂ ਨੂੰ ਠੀਕ ਕਰਨ ਲਈ ਇਸ ਦੀਆਂ ਜੜ੍ਹਾਂ ਵੀ ਵਰਤੀਆਂ ਜਾਂਦੀਆਂ ਹਨ। ਇਸ ਦੀਆਂ ਫਲੀਆਂ ਕੱਪੜਾ ਰੰਗਣ ਦੇ ਕੰਮ ਆਉਂਦੀਆਂ ਹਨ। ਇਸ ਦੇ ਬੀਜ ਫੋੜਿਆਂ ਅਤੇ ਬਵਾਸੀਰ ਨੂੰ ਠੀਕ ਕਰਨ ਲਈ ਵਰਤੇ ਜਾਂਦੇ ਹਨ।

ਹੋਰ ਰੁੱਖਾਂ ਵਾਂਗ 'ਬੇਰੀ' ਵੀ ਮਨੁੱਖ ਲਈ ਉਪਯੋਗੀ ਹੁੰਦੀ ਹੈ ਅਤੇ ਇਹ ਕਈ ਤਰ੍ਹਾਂ ਨਾਲ ਮਨੁੱਖ ਦੇ ਕੰਮ ਆਉਂਦੀ ਹੈ। ਇਕ ਪੇਂਡੂ ਫਲ ਦੇ ਰੂਪ ਵਿਚ ਇਹ ਇਕ ਕੁਦਰਤੀ ਨਿਆਮਤ ਹੈ। ਪੰਜਾਬੀਆਂ ਨੂੰ ਪਿਉਂਦੀ ਬੇਰਾਂ ਦਾ ਸੁਆਦ ਤਾਂ ਮਾਖਿਉ ਵਰਗਾ ਲੱਗਦਾ ਹੈ। ਇਸ ਦੀ ਲੱਕੜ ਵੀ ਚੰਗੀ ਮੰਨੀ ਜਾਂਦੀ ਹੈ। ਇਸ ਦੀ ਛਿੱਲ ਦਾ ਰਸ ਜ਼ਖ਼ਮਾਂ ਨੂੰ ਠੀਕ ਕਰਦਾ ਹੈ ਅਤੇ ਟੱਟੀਆਂ ਨੂੰ ਵੀ। ਇਸ ਦੀ ਜੜ੍ਹ ਠੰਢੀ ਹੁੰਦੀ ਹੈ ਜੋ ਸਰੀਰ ਦੀ ਗਰਮੀ ਦੂਰ ਕਰਦੀ ਹੈ ਤੇ ਸਿਰ ਦਰਦ ਵੀ। ਬੇਰੀ ਦੇ ਪੱਤੇ ਸਿਰ ਧੋਣ ਤੇ ਲੰਮੇ ਵਾਲ ਕਰਨ ਲਈ ਵੀ ਵਰਤੇ ਜਾਂਦੇ ਹਨ।

ਪੰਜਾਬੀ ਲੋਕਗੀਤਾਂ ਵਿਚ ਬੇਰੀਆਂ ਤੇ ਬੂਰ ਪੈਣ ਦੀ ਆਮਦ ਕਿਸੇ ਵਿਯੋਗਨ ਨੂੰ ਲਾਮ ਗਏ ਮਾਹੀ ਦੀ ਯਾਦ ਦੁਆ ਦਿੰਦੀ ਹੈ। ਬੇਰੀਆਂ ਦਾ ਬੂਰ ਵੇਖ ਉਹ ਢੋਲ ਸਿਪਾਹੀ ਦੇ ਵਸਲ ਦੀ ਇੱਛਾ ਪ੍ਰਗਟ ਕਰਦੀ ਹੈ :

**ਅਜੇ ਆਇਆ ਨਾ ਢੋਲ ਸਿਪਾਹੀ**
**ਬੇਰੀਆਂ ਨੂੰ ਬੂਰ ਪੈ ਗਿਆ।**

ਜਦੋਂ ਬੇਰੀਆਂ ਤੇ ਬੇਰ ਲੱਗ ਜਾਂਦੇ ਹਨ ਤਾਂ ਮੁਟਿਆਰਾਂ ਬੜੀਆਂ ਖੁਸ਼ ਹੋ ਕੇ ਆਪਣੇ ਭਾਵਾਂ ਦਾ ਇਜ਼ਹਾਰ ਕਰਦੀਆਂ ਆਖਦੀਆਂ ਹਨ, 'ਤੈਨੂੰ ਮਿਲਣਾ ਖੇਤ ਵਿਚ ਆ ਕੇ, ਵੇ ਬੇਰਾਂ ਵਾਲੀ ਰੁੱਤ ਆ ਗਈ' ਪਰ ਜਦੋਂ ਬੇਰੀਆਂ ਦੇ ਬੇਰ ਮੁੱਕ ਜਾਂਦੇ ਹਨ ਤਾਂ ਮੁਟਿਆਰ ਲਈ ਆਪਣੇ ਪ੍ਰੇਮੀ ਨੂੰ ਮਿਲਣ ਜਾਣ ਦੇ ਬਹਾਨੇ ਖਤਮ ਹੋ ਜਾਂਦੇ ਹਨ। ਇਸ ਲਈ ਉਹ, ਉਸ ਨੂੰ ਮਿਲਣ ਲਈ ਹੋਰ ਕੋਈ ਬਹਾਨਾ ਪੁੱਛਦੀ ਹੈ:

**ਦੱਸ ਕਿਹੜੇ ਮੈਂ ਬਹਾਨੇ ਆਵਾਂ,**
**ਬੇਰੀਆਂ ਦੇ ਬੇਰ ਮੁੱਕ ਗਏ।**

'ਤੂਤ' ਦਾ ਜਦੋਂ ਗੀਤਾਂ ਵਿਚ ਜ਼ਿਕਰ ਆਉਂਦਾ ਹੈ ਤਾਂ ਕਲਪਨਾ ਵਿਚ ਹੀ ਪੰਜਾਬੀ ਉਸ ਦੀ ਠੰਢੀ ਛਾਂ ਮਹਿਸੂਸ ਕਰਨ ਲੱਗਦੇ ਹਨ। ਭਾਵੇਂ ਕਿਸਾਨ ਨੇ ਖੇਤਾਂ ਵਿਚ ਰੁੱਖਾਂ ਥੱਲੇ ਕੁਝ ਘੜੀਆਂ ਹੀ ਆਰਾਮ ਕਰਨਾ ਹੁੰਦਾ ਹੈ ਫੇਰ ਵੀ ਉਹ ਆਪਣੇ ਖੇਤ ਦੀ ਸ਼ਾਨ ਵਧਾਉਣ ਲਈ ਉਸ ਵਿਚ ਤੂਤ ਦਾ ਰੁੱਖ ਲਾਉਣਾ ਆਪਣਾ ਮਾਣ ਸਮਝਦਾ ਹੈ। ਜਦੋਂ ਮਿੱਠੇ ਮਿੱਠੇ ਤੂਤ ਲੱਗ ਜਾਂਦੇ ਹਨ ਤਾਂ ਲੋਕੀਂ ਇਨ੍ਹਾਂ ਨੂੰ ਖਾ ਕੇ ਖ਼ੂਬ ਆਨੰਦ ਮਾਣਦੇ ਹਨ। ਤੂਤ ਦੀਆਂ ਛੋਟੀਆਂ ਟਾਹਣੀਆਂ ਦਾਤਣ ਦੇ ਤੌਰ 'ਤੇ ਵਰਤੀਆਂ ਜਾਂਦੀਆਂ ਹਨ ਅਤੇ ਵੱਡੀਆਂ ਛਿਟੀਆਂ ਦੇ ਪਿੰਡਾਂ ਵਿਚ ਟੋਕਰੇ ਬਣਾਏ ਜਾਂਦੇ ਹਨ ਜੋ ਘਰਾਂ ਵਿਚ ਨਜ਼ਰ ਆਉਂਦੇ ਹਨ। ਇਸ ਦੀ ਲੱਕੜ ਚੀੜ੍ਹੀ ਅਤੇ ਸਖ਼ਤ ਹੁੰਦੀ ਹੈ। ਕ੍ਰਿਕਟ ਦੇ ਬੱਲੇ, ਹਾਕੀ ਦੀਆਂ ਸਟਿੱਕਾਂ ਅਤੇ ਬੈਡਮਿੰਟਨ ਦੇ ਰੈਕਿਟ ਇਸ ਤੋਂ ਤਿਆਰ ਹੁੰਦੇ ਹਨ। ਬੱਚੇ ਤੂਤ ਦੀਆਂ ਛਿਟੀਆਂ ਦੇ ਕਮਾਨ ਬਣਾ ਕੇ ਕਾਨਿਆਂ ਦੀਆਂ ਤੀਲਾਂ ਦੇ ਤੀਰ ਚਲਾਉਂਦੇ ਹਨ। ਤੂਤ ਦੀ ਛਾਂ ਬੜੀ ਸੰਘਣੀ ਅਤੇ ਗੂੜ੍ਹੀ ਹੁੰਦੀ ਹੈ। ਟਾਹਲੀ ਅਤੇ ਤੂਤ ਦੀ ਸੰਘਣੀ ਛਾਂ ਤੋਂ ਪ੍ਰਭਾਵਿਤ ਹੋ ਕੇ ਕਿਸੇ ਕਵੀ ਨੇ ਲਿਖਿਆ ਹੈ :

**ਟਾਹਲੀਆਂ ਤੇ ਤੂਤਾਂ ਦੀਆਂ ਛਾਵਾਂ ਠੰਢੀਆਂ,**
**ਔਣ ਮਨਮੋਹਣੀਆਂ ਹਵਾਵਾਂ ਠੰਢੀਆਂ।**

ਘਰ ਦੇ ਬਜ਼ੁਰਗ ਗਰਮੀ ਦੇ ਦਿਨਾਂ ਵਿਚ ਇਨ੍ਹਾਂ ਵੱਡਿਆਂ ਦਰੱਖ਼ਤਾਂ ਹੇਠ ਬੈਠੇ ਹੀ ਸਾਰਾ ਸਾਰਾ ਦਿਨ ਬਿਤਾ ਦਿੰਦੇ ਹਨ। ਨਵ ਵਿਆਹੁਲੀ ਜੋੜੀ ਨੂੰ, ਜ਼ਿੰਦਗੀ ਦੇ ਦੁੱਖ-ਸੁੱਖ ਹੱਸ ਕੇ ਜਰਨ ਅਤੇ ਪੰਜਾਬੀ ਸਭਿਆਚਾਰ ਵਿਚ ਦਿਉਰ-ਭਰਜਾਈ ਦੇ ਰਿਸ਼ਤੇ ਨੂੰ ਮਿਲਦੀ ਖੁੱਲ੍ਹ ਵਿਆਹ ਤੋਂ ਅਗਲੇ ਦਿਨ 'ਛਟੀਆਂ ਦੀ ਰਸਮ' ਰਾਹੀਂ ਉਭਰ ਕੇ ਸਾਹਮਣੇ ਆਉਂਦੀ ਹੈ। ਇਸ ਰਸਮ ਵਿਚ ਤੂਤ ਦੀਆਂ ਛਿਟੀਆਂ ਦੀ ਹੀ ਵਰਤੋਂ ਕੀਤੀ ਜਾਂਦੀ ਹੈ। ਤੂਤ ਦੀ ਛਟੀ ਨੂੰ ਪੰਜਾਬੀ ਸੱਭਿਆਚਾਰ ਵਿਚ ਇਕ ਖ਼ੂਬਸੂਰਤ, ਲੰਮ-ਸਲੰਮੀ ਤੇ ਦ੍ਰਿੜ੍ਹ ਇਰਾਦੇ ਵਾਲੀ ਮੁਟਿਆਰ ਨਾਲ ਤੁਲਨਾਇਆ ਗਿਆ ਹੈ। ਲੰਮੀ-ਲੰਝੀ ਅਤੇ ਪਤਲੀ ਜਿਹੀ ਵਹੁਟੀ ਵਿਆਹ ਕੇ ਲਿਆਏ ਗੱਭਰੂ ਨੂੰ ਵੇਖ ਕੋਈ ਮੁਟਿਆਰ ਆਖਦੀ ਹੈ :

**ਮੁੰਡਾ ਰੋਹੀ ਦੀ ਕਿੱਕਰ ਦਾ ਜਾਤੂ**
**ਵਿਆਹ ਕੇ ਲੈ ਗਿਆ ਤੂਤ ਦੀ ਛਟੀ।**

ਰੁੱਖਾਂ ਦੇ ਖੇਤਰ ਵਿਚ 'ਅੰਬ ਦੇ ਰੁੱਖ' ਨੂੰ ਕਾਫੀ ਪ੍ਰਸਿੱਧੀ ਹਾਸਲ ਹੈ। ਅੰਬ ਨੂੰ ਫਲਾਂ ਦਾ ਬਾਦਸ਼ਾਹ ਮੰਨਿਆ ਜਾਂਦਾ ਹੈ। ਇਸ ਦਾ ਪੌਦਾ ਗਿਟਕ ਬੀਜ ਕੇ ਉਗਾਇਆ ਜਾਂਦਾ ਹੈ ਜੋ 10-12 ਸਾਲ ਬਾਅਦ ਫਲ ਦਿੰਦਾ ਹੈ ਪਰ ਅੱਜਕਲ੍ਹ ਨਵੀਂ ਤਕਨੀਕ ਰਾਹੀਂ ਇਸ ਦਾ ਫਲ 3-4 ਸਾਲਾਂ ਬਾਅਦ ਹੀ ਪ੍ਰਾਪਤ ਕਰ ਲਿਆ ਜਾਂਦਾ ਹੈ। ਬੱਚੇ, ਜਵਾਨ, ਬੁੱਢੇ ਗੱਲ ਕੀ ਹਰ ਕੋਈ ਅੰਬਾਂ ਨੂੰ ਪਸੰਦ ਕਰਦਾ ਹੈ। ਕਲਮੀ, ਚੌਸਾ, ਸੁਰਖਾ, ਰਸਪਰੀ, ਮਾਲਦਾ, ਬਦਾਮੀ, ਸਫ਼ੈਦਾ, ਤੋਤਾ, ਦੁਸ਼ਹਿਰੀ, ਲੰਗੜਾ, ਚੂਪਾ ਜਾਂ ਗਧਾ ਕੋਈ ਵੀ ਅੰਬ ਹੋਵੇ ਸਭ ਦਾ ਵੱਖੋ-ਵੱਖਰਾ ਸੁਆਦ ਹੈ। ਅੰਬੀਆਂ ਜਾਂ ਕੱਚੇ ਅੰਬਾਂ ਦੀ ਚੱਟਣੀ ਅਤੇ ਅਚਾਰ ਪਾਇਆ ਜਾਂਦਾ ਹੈ। ਗਰਮੀਆਂ ਵਿਚ ਅੰਬ ਚੂਪਣ ਦਾ ਮਜ਼ਾ ਹੀ ਵੱਖਰਾ ਹੁੰਦਾ ਹੈ। ਅੰਬ ਤੋਂ ਬਣੇ ਅੰਬ ਪਾਪੜ, ਸਕਵੈਸ਼, ਮੈਂਗੋ ਫਰੂਟੀ ਅਤੇ ਮੈਂਗੋ ਸ਼ੇਕ ਸਭ ਨੂੰ ਚੰਗੇ ਲੱਗਦੇ ਹਨ। ਅੰਬ ਦਾ ਜੈਮ ਤੇ ਮੁਰੱਬਾ ਸੁਆਦੀ ਹੋਣ ਦੇ ਨਾਲ-ਨਾਲ ਸਰੀਰ ਨੂੰ ਤਾਕਤ ਵੀ ਦਿੰਦਾ ਹੈ। ਅੰਬਾਂ ਵਿਚ ਵਿਟਾਮਿਨ 'ਏ' ਅਤੇ 'ਸੀ' ਕਾਫ਼ੀ ਮਾਤਰਾ ਵਿਚ ਹੁੰਦਾ ਹੈ। ਜਦੋਂ ਅੰਬਾਂ ਦੇ ਰੁੱਖਾਂ ਨੂੰ ਬੂਰ ਪੈਂਦਾ ਹੈ ਤੇ ਕੋਇਲ ਉਨ੍ਹਾਂ ਉਤੇ ਬੈਠ ਕੇ ਮਿੱਠੇ ਮਿੱਠੇ ਗੀਤ ਗਾਉਂਦੀ ਹੈ ਤਾਂ ਜ਼ਿਹਨ ਵਿਚੋਂ ਉਠਦੀਆਂ ਪਿਆਰ ਤਰੰਗਾਂ ਕਰਕੇ ਮੁਟਿਆਰਾਂ ਅਤੇ ਗੱਭਰੂ ਝੂਮ ਉਠਦੇ ਹਨ। ਅਜਿਹੇ ਵੇਲੇ ਜੇ ਮਾਹੀ ਦੂਰ ਗਿਆ ਹੋਵੇ ਤਾਂ ਮੁਟਿਆਰ ਆਖਦੀ ਹੈ :

**ਬੋਲੀ ਅੰਬ ਤੇ ਜਾਂ ਕੋਇਲ ਮੇਰੇ ਹਾਣੀਆ**
**ਵੇ ਤੱਤੜੀ ਨੂੰ ਯਾਦ ਆ ਗਿਆ।**

ਅੰਬ ਅਜੇ ਪੱਕੇ ਵੀ ਨਹੀਂ ਹੁੰਦੇ ਕਿ ਤੋਤੇ ਉਨ੍ਹਾਂ ਨੂੰ ਪਹਿਲਾਂ ਹੀ ਟੁਕ ਟੁਕ ਸੁੱਟਣ ਲੱਗਦੇ ਹਨ। ਅੰਬ ਤੇ ਤੋਤੇ ਵਾਂਗ ਦਿਉਰ ਭਰਜਾਈ ਦਾ ਰਿਸ਼ਤਾ ਹੁੰਦਾ ਹੈ। ਦਿਉਰ ਵੀ ਆਪਣੀ ਸੁਹਣੀ ਭਰਜਾਈ ਨੂੰ ਵਸਣਾ ਔਖਾ ਕਰ ਦਿੰਦਾ ਹੈ। ਇਸ ਲੋਕ ਬੋਲੀ ਵਿਚ ਵੀ ਭਾਬੀ ਨੂੰ ਅੰਬ ਅਤੇ ਦਿਉਰ ਨੂੰ ਤੋਤੇ ਵਜੋਂ ਸੰਕੇਤਕ ਰੂਪ ਵਿਚ ਪ੍ਰਗਟ ਕੀਤਾ ਗਿਆ ਹੈ:

**ਅੰਬ ਦੀ ਟਾਹਣੀ ਤੋਤਾ ਬੈਠਾ, ਅੰਬ ਪੱਕਣ ਨਾ ਦੇਵੇ।**
**ਸੁਹਣੀ ਭਾਬੋ ਨੂੰ, ਦਿਉਰ ਵਸਣ ਨਾ ਦੇਵੇ।**

ਪੰਜਾਬੀਆਂ ਦਾ ਅੰਬਾਂ ਪ੍ਰਤੀ ਪਿਆਰ ਲੋਕਗੀਤਾਂ ਵਿਚੋਂ ਸਪੱਸ਼ਟ ਉਜਾਗਰ ਹੁੰਦਾ ਹੈ। ਜਦੋਂ ਕਿਸੇ ਪੰਜਾਬਣ ਮੁਟਿਆਰ ਦਾ ਦੁਆਬੇ ਤੋਂ ਬਾਹਰ ਰਿਸ਼ਤਾ ਹੋ ਜਾਵੇ ਤਾਂ ਉਸ ਦੀਆਂ ਸਹੇਲੀਆਂ ਉਸ ਨੂੰ ਸਥਾਨਕ ਫਲ ਅੰਬੀਆਂ ਲਈ ਤਰਸ ਕੇ ਰਹਿ ਜਾਣ ਦਾ ਨਿਹੋਰਾ ਦਿੰਦੀਆਂ ਹਨ:

**'ਛੱਡ ਕੇ ਦੇਸ ਦੁਆਬਾ, ਅੰਬੀਆਂ ਨੂੰ ਤਰਸੇਂਗੀ।'**

ਜੀਵਨ ਦੇ ਕਈ ਖੁਸ਼ੀ ਭਰੇ ਮੌਕਿਆਂ ਤੇ ਜਦੋਂ ਗਿੱਧਾ ਪਾਇਆ ਜਾਂਦਾ ਹੈ ਤਾਂ ਬੋਲੀ ਪਾਉਂਦੀਆਂ ਮੁਟਿਆਰਾਂ ਵੱਲੋਂ ਅਕਸਰ ਕਿਸੇ ਨਾ ਕਿਸੇ ਰੁਖ ਦਾ ਜ਼ਿਕਰ ਕੀਤਾ ਜਾਂਦਾ ਹੈ। ਕਈ ਬੋਲੀਆਂ ਵਿਚ ਇਕ ਤੋਂ ਵੱਧ ਰੁੱਖਾਂ ਦੀ ਗੱਲ ਵੀ ਕੀਤੀ ਜਾਂਦੀ ਹੈ ਅਤੇ ਉਸ ਗੱਲ ਵਿਚੋਂ ਆਪਣੇ ਦਿਲ ਦੇ ਭੇਤ ਜਾਂ ਅਰਮਾਨਾਂ ਨੂੰ ਪ੍ਰਗਟਾਇਆ ਜਾਂਦਾ ਹੈ :

**ਕਿੱਕਰਾਂ ਵੀ ਲੰਘ ਆਈ,**
**ਬੇਰੀਆਂ ਵੀ ਲੰਘ ਆਈ**
**ਲੰਘਣੋਂ ਰਹਿ ਗਿਆ ਬਰੋਟਾ।**
**ਜੇ ਤੂੰ ਮੇਰਾ ਰੂਪ ਵੇਖਣਾ**
**ਮੇਰੇ ਲਹਿੰਗੇ ਨੂੰ ਲਵਾ ਦੇ ਗੋਟਾ।**

ਇਕ ਪੰਜਾਬਣ, ਜਿਸ ਨੂੰ ਲੱਗਦਾ ਹੈ ਕਿ ਉਸ ਦੀ ਮੌਤ ਉਪਰੰਤ ਉਸ ਨੂੰ ਰੋਣ ਵਾਲਾ ਕੋਈ ਨਹੀਂ ਹੋਵੇਗਾ, ਉਹ ਨਿਮਨ ਲਿਖਤ ਲੋਕ ਬੋਲੀ ਦੁਆਰਾ ਇਨ੍ਹਾਂ ਰੁੱਖਾਂ ਨੂੰ ਹੀ ਆਪਣੇ ਮਰਨ ਉਪਰੰਤ ਵਿਰਲਾਪ ਕਰਦਿਆਂ ਤੱਕਦੀ ਹੈ :

**ਮਰ ਗਈ ਨੂੰ ਪੰਜ ਰੋਣਗੇ**
**ਅੱਕ, ਢੱਕ ਤੇ ਕਰੀਰ, ਜੰਡ, ਬੇਰੀਆਂ।**

ਅਸੀਂ ਰੁੱਖਾਂ ਸੰਬੰਧੀ ਲੋਕ-ਮਨ ਦੀਆਂ ਧਾਰਣਾਵਾਂ ਅਤੇ ਤੱਥਾਂ ਨੂੰ ਆਮ ਸੁਣਦੇ ਰਹਿੰਦੇ ਹਾਂ। ਰੁੱਖ ਲਾਉਣਾ ਪਰਉਪਕਾਰ ਵਾਲਾ ਕੰਮ ਹੈ ਕਿਉਂਕਿ ਆਉਣ ਵਾਲੀਆਂ ਪੀੜ੍ਹੀਆਂ ਇਸ ਦਾ ਸੁੱਖ ਮਾਣਦੀਆਂ ਹਨ। ਕਿਹਾ ਜਾਂਦਾ ਹੈ ਕਿ ਇਕ ਰੁੱਖ ਲਾਉਣ ਵਾਲੇ ਨੂੰ ਦੱਸ ਪੁੱਤਰਾਂ ਵਾਲਾ ਸੁੱਖ ਮਿਲਦਾ ਹੈ। ਪ੍ਰੋ. ਮੋਹਨ ਸਿੰਘ ਨੇ ਰੁੱਖ ਅਤੇ ਮਾਂ ਨੂੰ ਇਕੋ ਜਿਹਾ ਦਰਜਾ ਦਿੰਦਿਆਂ ਕਿਹਾ ਹੈ :

**ਮਾਂ ਜਿਹਾ ਘਣਛਾਵਾਂ ਬੂਟਾ**
**ਕਿਧਰੇ ਨਜ਼ਰ ਨਾ ਆਵੇ।**
**ਜਿਸ ਤੋਂ ਲੈ ਕੇ ਛਾਂ ਉਧਾਰੀ**
**ਰੱਬ ਨੇ ਸਵਰਗ ਬਣਾਇਆ।**

ਜਿਵੇਂ ਕਿ ਇਸ ਆਲੇਖ ਦੇ ਆਰੰਭ ਵਿਚ ਹੀ ਰੁੱਖਾਂ ਦੀ ਅੰਨ੍ਹੇਵਾਹ ਕਟਾਈ ਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ ਹੈ, ਉਸ ਦੀ ਲੋਅ ਵਿਚ ਮਨੁੱਖ ਨੂੰ ਚੇਤੰਨ ਹੋਣ ਦੀ ਜ਼ਰੂਰਤ ਹੈ। ਕੁਦਰਤ ਵੱਲੋਂ ਮਨੁੱਖੀ ਜ਼ਿੰਦਗੀ ਨੂੰ ਸੂਰਜ ਦੀਆਂ ਪਰਾ-ਵੈਂਗਣੀ ਕਿਰਨਾਂ ਤੋਂ ਬਚਾਉਣ ਵਾਸਤੇ ਜੋ 'ਓਜ਼ੋਨ' ਦੀ ਕੁਦਰਤੀ ਛਤਰੀ ਤਾਣੀ ਗਈ ਹੈ, ਉਸ ਵਿਚ ਅੱਜ ਜੋ ਛੇਕ ਹੋ ਰਹੇ ਹਨ, ਜਿਸ ਦਾ ਇਕ ਵੱਡਾ ਕਾਰਨ ਰੁੱਖਾਂ ਦੀ ਕਟਾਈ ਹੈ।

ਤੁਸੀਂ ਸਿਆਣਿਆਂ ਤੋਂ ਇਹ ਆਮ ਸੁਣਿਆ ਹੋਵੇਗਾ ਕਿ 'ਖੰਡ ਬਾਝ ਦੁਧ ਮਿੱਠਾ ਨਾ ਹੁੰਦਾ, ਬਿਰਖਾਂ ਬਾਝ ਨਾ ਛਾਂਵਾਂ।' ਇਸ ਤਰ੍ਹਾਂ ਰੁੱਖਾਂ ਦੀ ਸਭਿਆਚਾਰਕ ਅਹਿਮੀਅਤ ਨੂੰ ਸਮਝਦਿਆਂ ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਰੁੱਖਾਂ ਤੋਂ ਬਿਨਾਂ ਉਨ੍ਹਾਂ ਦੀ ਛਾਂ ਅਤੇ ਸੁੱਖ ਨਹੀਂ ਮਾਣੇ ਜਾ ਸਕਦੇ। ਸੋ ਰੁੱਖਾਂ ਦੀ ਸਾਂਭ ਸੰਭਾਲ ਕਰਨਾ ਸਾਡਾ ਸਾਰਿਆ ਦਾ ਧਰਮ ਹੈ। ਵੱਧ ਤੋਂ ਵੱਧ ਰੁੱਖ ਲਗਾਉਣਾ ਕੇਵਲ ਮਾਨਵ ਵਾਸਤੇ ਹੀ ਕਲਿਆਣਕਾਰੀ ਨਹੀਂ ਸਗੋਂ ਪ੍ਰਕ੍ਰਿਤੀ ਦੀ ਖ਼ੂਬਸੂਰਤੀ ਵਿਚ ਵੀ ਵਾਧਾ ਕਰਨਾ ਹੈ।

**ਧੰਨਵਾਦ ਸਹਿਤ ਪੁਸਤਕ 'ਰੰਗਲਾ ਪੰਜਾਬ ਮੇਰਾ' ਵਿਚੋਂ**

● ● ●

# ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

**ਸੰਪਾਦਕ - ਸੁਰਿੰਦਰ ਸਿੰਘ ਰੂਬੀ**

**98141-28181**

# ਕੁਦਰਤ ਦੀ ਮੰਗ-ਕੁਦਰਤੀ ਖੇਤੀ

ਖੇਤੀ ਨੂੰ ਜਿਸ ਤਰ੍ਹਾਂ ਵਪਾਰ-ਕਾਰੋਬਾਰ ਬਨਾਉਣ ਦੀ ਦੌੜ ਲੱਗੀ ਹੋਈ ਹੈ, ਉਸ ਵਿੱਚ ਖੇਤੀ ਸੰਦਾਂ ਅਤੇ ਰਸਾਇਣ ਖਾਦਾਂ ਦੀ ਜ਼ਿਆਦਾ ਵਰਤੋਂ ਵੇਖਣ ਨੂੰ ਮਿਲ ਰਹੀ ਹੈ।

ਅਨੇਕਾਂ ਵਿਦੇਸ਼ੀ ਕੰਪਨੀਆਂ, ਉਭਰ ਰਹੀ ਭਾਰਤੀ ਮੰਡੀ ਉੱਤੇ ਕਾਬਜ਼ ਹੋ ਰਹੀਆਂ ਹਨ ਅਤੇ ਜ਼ਿਆਦਾ ਉਪਜ ਦੇਣ ਵਾਲੇ ਬੀਜਾਂ ਦਾ ਵਿਕਾਸ ਕਰਨ ਤੇ ਲੱਗੀਆਂ ਹੋਈਆਂ ਹਨ। ਪਹਿਲਾਂ ਦੇਸ਼ ਦੇ ਖੇਤੀ ਖੋਜ ਕੇਂਦਰ ਦੇਸ਼ ਦੇ ਪੌਣ ਪਾਣੀ ਅਤੇ ਮਿੱਟੀ ਦੀ ਕੁਦਰਤੀ ਤਾਕਤ ਨੂੰ ਧਿਆਨ 'ਚ ਰੱਖਦਿਆਂ ਬੀਜਾਂ ਦਾ ਵਿਕਾਸ ਕਰਿਆ ਕਰਦੇ ਸਨ, ਪਰ ਹੁਣ ਉਹ ਹਾਸ਼ੀਏ ਉੱਤੇ ਚਲੇ ਗਏ ਹਨ।

ਕੁਦਰਤੀ ਖੇਤੀ ਸਾਡੀ ਪਰੰਪਰਾ ਨਾਲ ਜੁੜੀ ਹੋਈ ਹੈ ਅਤੇ ਹੁਣ ਇਹ ਸਮੇਂ ਦੀ ਮੰਗ ਬਣ ਚੁੱਕੀ ਹੈ। ਖੇਤੀ ਦੇ ਆਧੁਨਿਕ ਤੌਰ-ਤਰੀਕੇ ਅਪਨਾ ਕੇ ਅਸੀਂ ਆਪਣੀਆਂ ਖੁਰਾਕ ਲੋੜਾਂ ਨੂੰ ਪੂਰਿਆਂ ਕਰ ਲਿਆ, ਪਰ ਦੂਜੇ ਪਾਸੇ ਖਾਦਾਂ, ਰਸਾਇਣਕ ਦਵਾਈਆਂ ਦੀ ਅੰਧਾਂ-ਧੁੰਦ ਵਰਤੋਂ ਨਾਲ ਧਰਤੀ ਅਤੇ ਸਾਡੇ ਜੀਵਨ ਉੱਤੇ ਇਸਦਾ ਬੁਰਾ ਪ੍ਰਭਾਵ ਪਿਆ ਹੈ।

ਅਸਲ ਵਿੱਚ ਖੇਤੀ ਵਿੱਚ ਰਸਾਇਣਾਂ ਦੀ ਵਰਤੋਂ ਨਾ ਕੇਵਲ ਮਿੱਟੀ ਨੂੰ ਕਮਜ਼ੋਰ ਕਰਦੀ ਹੈ ਸਗੋਂ ਫਸਲਾਂ ਨੂੰ ਵੀ ਜ਼ਹਿਰੀਲਾ ਬਣਾ ਦਿੰਦੀ ਹੈ। ਰਸਾਇਣਕ ਖਾਦਾਂ ਅਤੇ ਕੀੜੇ ਮਾਰ ਦਵਾਈਆਂ ਵਾਤਾਵਰਨ ਨੂੰ ਵੀ ਗੰਦਲਾ/ਪ੍ਰਦੂਸ਼ਿਤ ਕਰਦੀਆਂ ਹਨ। ਕਈ ਵੇਰ ਲੋੜ ਤੋਂ ਵੱਧ ਕੀਟਨਾਸ਼ਕ, ਖੇਤੀ ਪੈਦਾਵਾਰ ਵਿੱਚ ਵਧੇਰੇ ਮਾਤਰਾ ਵਿੱਚ ਪਾਏ ਜਾਣ ਕਾਰਨ ਵਿਦੇਸ਼ੀ ਖਰੀਦਦਾਰ ਫਸਲਾਂ, ਖਾਣ ਵਾਲੇ ਪਦਾਰਥ ਲੈਣ ਤੋਂ ਨਾਂਹ ਕਰ ਦਿੰਦੇ ਹਨ। ਇਹ ਰਸਾਇਣ, ਜ਼ਮੀਨ ਦੀ ਅੰਦਰੂਨੀ ਸਤਹ ਤੱਕ ਪਹੁੰਚ ਕੇ ਵੀ ਇਸਨੂੰ ਪ੍ਰਦੂਸ਼ਤ ਕਰ ਦਿੰਦੇ ਹਨ।

ਯਾਦ ਰੱਖਣ ਵਾਲੀ ਗੱਲ ਹੈ ਕਿ ਮਿੱਟੀ ਵਿੱਚ 16 ਤਰ੍ਹਾਂ ਦੇ ਪੈਦਾਵਾਰੀ ਤੱਤ ਪਾਏ ਜਾਂਦੇ ਹਨ, ਜੋ ਫਸਲਾਂ ਦੇ ਚੰਗੇ ਵਾਧੇ ਅਤੇ ਜ਼ਿਆਦਾ ਪੈਦਾਵਾਰ ਲਈ ਜ਼ਰੂਰੀ ਹਨ। ਇਸ ਵਿੱਚੋਂ ਜਦੋਂ ਕਿਸੇ ਇੱਕ ਤੱਤ ਦੀ ਵੀ ਕਮੀ ਹੋ ਜਾਂਦੀ ਹੈ ਤਾਂ ਬਾਕੀ 15 ਤੱਤਾਂ ਦਾ ਵੀ ਵਿਸ਼ੇਸ਼ ਲਾਭ ਫਸਲਾਂ ਨੂੰ ਨਹੀਂ ਮਿਲਦਾ। ਦੇਸੀ ਖਾਦਾਂ, ਜਿਸ ਵਿੱਚ ਪਸ਼ੂਆਂ ਦਾ ਗੋਹਾ, ਪਿਸ਼ਾਬ, ਧਰਤੀ ਵਿੱਚ ਗਡੋਇਆਂ ਦੀ ਮਾਤਰਾ ਵਧਾਉਣ ਲਈ ਸਹਾਇਕ ਹੁੰਦੀ ਹੈ। ਅਤੇ ਗੰਡੋਏ ਕਿਸਾਨ ਦੇ ਮਿੱਤਰ ਮੰਨੇ ਜਾਂਦੇ ਹਨ।

ਇੰਜ ਕੁਦਰਤੀ ਸਾਧਨਾਂ ਨਾਲ ਕੀਤੀ ਖੇਤੀ ਲਈ ਪਾਣੀ ਦੀ ਵੀ ਘੱਟ ਜ਼ਰੂਰਤ ਪੈਂਦੀ ਹੈ ਅਤੇ ਕਈ ਹਾਲਤਾਂ ਵਿੱਚ ਤਾਂ ਸਿਰਫ 10 ਫ਼ੀਸਦੀ ਪਾਣੀ ਹੀ ਲੱਗਦਾ ਹੈ।

ਕੁਦਰਤੀ ਖੇਤੀ ਦਾ ਮੂਲ ਮੰਤਵ ਜਿਥੇ ਕੁਦਰਤੀ ਪੈਦਾਵਾਰ ਲੈਣਾ ਹੈ, ਉਥੇ ਮਿੱਟੀ ਦੀ ਸਿਹਤ ਮਜ਼ਬੂਤ ਰੱਖਣਾ ਵੀ ਹੈ। ਕੁਦਰਤੀ ਖੇਤੀ 'ਚ ਇਹੋ ਜਿਹੇ ਢੰਗ-ਤਰੀਕੇ ਲੱਭੇ ਗਏ ਹਨ ਜਿਹਨਾਂ ਨਾਲ ਮਿੱਟੀ 'ਚ ਮੌਜੂਦਾ ਜੀਵਾਂ ਦੀ ਰੱਖਿਆ ਵੀ ਹੋ ਸਕੇ। ਉਂਜ ਵੀ ਕੁਦਰਤੀ ਖੇਤੀ ਘੱਟ ਲਾਗਤ ਨਾਲ ਕੀਤੇ ਜਾਣ ਕਾਰਨ ਛੋਟੇ ਅਤੇ ਸੀਮਾਂਤ ਕਿਸਾਨਾਂ ਲਈ ਉਤਸ਼ਾਹਜਨਕ ਧੰਦਾ ਹੈ, ਕਿਉਂਕਿ ਇਸ ਨਾਲ ਖਾਦਾਂ ਅਤੇ ਕੀਟਨਾਸ਼ਕਾਂ ਉੱਤੇ ਕੋਈ ਖ਼ਰਚ ਨਹੀਂ ਹੁੰਦਾ ਅਤੇ ਉਪਜ ਵੀ ਭਰਪੂਰ ਮਿਲਦੀ ਹੈ।

ਅੱਜ ਕੀਤੀ ਜਾਣ ਵਾਲੀ ਖੇਤੀ ਛੋਟੇ ਕਿਸਾਨਾਂ ਲਈ ਵੱਧ ਖ਼ਰਚ ਵਾਲੀ ਬਣ ਜਾਣ ਕਾਰਨ, ਉਹਨਾਂ ਦਾ ਖੇਤੀ ਤੋਂ ਮੋਹ ਭੰਗ ਕਰ ਰਿਹਾ ਹੈ, ਕਿਉਂਕਿ ਇਸ ਖੇਤੀ ਉੱਤੇ ਵੱਧ ਲਾਗਤ, ਉਹਨਾਂ ਦੀ ਕਮਰ ਤੋੜ ਰਹੀ ਹੈ। ਇਸੇ ਕਰਕੇ ਛੋਟੇ ਕਿਸਾਨ ਕੁਦਰਤੀ ਖੇਤੀ ਬਾਰੇ ਸੰਜੀਦਾ ਹੋ ਰਹੇ ਹਨ।

ਕੁਦਰਤੀ ਖੇਤੀ ਦੀ ਪਹਿਲੀ ਜ਼ਰੂਰਤ ਪਸ਼ੂ ਪਾਲਣਾ ਹੈ। ਜਿਸ ਤੋਂ ਗੋਹਾ, ਮੂਤਰ ਆਦਿ ਪ੍ਰਾਪਤ ਹੋ ਸਕਦਾ ਹੈ, ਜੋ ਖਾਦ ਲਈ ਵਰਤਿਆ ਜਾਂਦਾ ਹੈ, ਇਸ ਨਾਲ ਲਾਗਤ ਤਾਂ ਘੱਟ ਆਉਂਦੀ ਹੀ ਹੈ, ਪਸ਼ੂਆਂ ਦਾ ਪ੍ਰਾਪਤ ਦੁੱਧ ਕਿਸਾਨਾਂ ਦੀ ਆਮਦਨ 'ਚ ਵਾਧਾ ਵੀ ਕਰਦਾ ਹੈ।

ਦੇਸ਼ ਵਿੱਚ ਪਹਿਲਾਂ ਇਸੇ ਢੰਗ ਨਾਲ ਖੇਤੀ ਕੀਤੀ ਜਾਂਦੀ ਸੀ। ਇਸ ਢੰਗ ਨਾਲ ਪੈਦਾ ਕੀਤੇ ਅਨਾਜ, ਸਬਜ਼ੀਆਂ, ਫਲਾਂ ਦੀ ਆਪਣੀ ਕਿਸਮ ਦੀ ਵਿਸ਼ੇਸ਼ਤਾ ਹੁੰਦੀ ਸੀ। ਅੱਜ ਕੱਲ ਫਿਰ ਇਸੇ ਤਰੀਕੇ ਫਸਲਾਂ ਉਗਾਉਣ ਦੀ ਲੋੜ ਹੈ, ਜਿਸ ਨਾਲ ਸਾਡੀ ਸਿਹਤ, ਸਾਡਾ ਆਲਾ-ਦੁਆਲਾ ਹਰਿਆਲਾ ਅਤੇ ਸੁਖਾਵਾਂ ਹੋਵੇ ਅਤੇ ਧਰਤੀ ਬੰਜਰ ਹੋਣ ਤੋਂ ਬਚ ਸਕੇ।

**- ਸੁਖਜੀਤ ਸਿੰਘ**

**ਕਿਸੇ ਦੀ ਪਿੱਠ ਪਿੱਛੇ ਓਨਾ ਹੀ ਬੋਲੋ ਜਿੰਨਾਂ ਉਸ ਦੇ ਮੂੰਹ ਤੇ ਬੋਲਣ ਦੀ ਹਿੰਮਤ ਰੱਖਦੇ ਹੋ।**

# ਕਿੱਥੇ ਗਏ ਉਹ ਦਿਨ




ਅੱਜ ਪਿਛਲੇ ਸਮੇਂ ਦੀ ਯਾਦ ਆ ਰਹੀ ਹੈ। ਸੋਚ ਰਿਹਾ ਹਾਂ ਉਹ ਦਿਨ ਕਿੰਨੇ ਚੰਗੇ ਸਨ ਜਦੋਂ ਇਕ ਦੂਸਰੇ ਬਿਨਾਂ ਇਕ ਪਲ ਵੀ ਨਹੀਂ ਰਹਿੰਦੇ ਸਾਂ। ਕੋਈ ਹਿੰਦੂ, ਸਿੱਖ, ਮੁਸਲਮਾਨ ਦਾ ਖਿਆਲ ਨਹੀਂ ਸੀ। ਮਾਨਸ ਕੀ ਜਾਤ ਸਭੈ ਏਕੇ ਪਹਿਚਾਨਬੋ ਵਾਂਗ ਵਿਚਰਦੇ ਦੁਖ-ਸੁਖ ਸਾਂਝੇ ਕਰਦੇ ਉਸ ਬਚਪਨ ਦੀ ਯਾਦ ਨਾ ਕੋਈ ਫਿਕਰ ਸੀ ਨਾ ਭੁਖ ਨਾ ਦੁਖ ਸਵੇਰ ਦੀ ਸੂਰਜ ਦੀ ਲਾਲੀ ਚੜ੍ਹਨ ਤੋਂ ਲੈ ਕੇ ਸੂਰਜ ਛਪਣ ਤੱਕ ਗੁੱਲੀ ਡੰਡਾ, ਬੰਟੇ, ਛਟਾਪੂ, ਲੁਕਣ-ਮਿਟੀ ਖੇਡਦੇ ਰਹਿਣਾ, ਗਰਮੀ-ਸਰਦੀ ਦੀ ਪ੍ਰਵਾਹ ਨਹੀਂ ਹੁੰਦੀ ਸੀ। ਕਈ ਵਾਰੀ ਆਪਸ ਵਿਚ ਰੁਸ ਜਾਣਾ ਤੇ ਕਹਿਣਾ ਅੱਜ ਤੋਂ ਤੇਰੀ ਮੇਰੀ ਕੱਟੀ ਪਰ ਕੁਝ ਸਮੇਂ ਬਾਅਦ ਫਿਰ ਆਪਸ ਵਿਚ ਘੁਲ ਮਿਲ ਜਾਣਾ। ਇਕੱਠੇ ਸਕੂਲ ਜਾਣਾ, ਖਪ ਪਾਂਦੇ ਜਾਣਾ, ਰਸਤੇ ਵਿਚੋਂ ਖੇਤਾਂ ਵਿਚੋਂ ਗੰਨੇ ਤੋੜ ਲੈਣੇ ਬਿਨਾਂ ਕਿਸੇ ਡਰ ਦੇ ਫਿਰ ਤੂਤ ਪਿੱਪਲ ਦੀ ਛਾਂ ਥੱਲੇ ਬਹਿ ਕੇ ਅਰਾਮ ਨਾਲ ਗੰਨੇ ਚੂਪਣੇ, ਫਿਰ ਪਿੰਡ ਵਿਚ ਜਿੱਥੇ ਗੁੜ ਬਣਦਾ ਸੀ ਉਥੇ ਘਲਾੜੀ ਕੋਲ ਖੜੋ ਜਾਣਾ, ਕਿਸੇ ਖੇਤ ਤੋਂ ਤਰਬੂਜ, ਕਿਸੇ ਤੋਂ ਛੋਲੀਆ, ਕਿਸੇ ਬਾਗ ਤੋਂ ਅੰਬ ਤੋੜ ਕੇ ਚੂਪਣੇ, ਜੇਕਰ ਅੰਬ ਤੋੜਦੇ ਫੜੇ ਜਾਈਏ ਹੱਥ ਜੋੜ ਲੀਕਾਂ ਕੱਢ ਜਾਨ ਛੁਡਾ ਲੈਂਦੇ। ਜਾਂਦੇ-ਜਾਂਦੇ ਉਸ ਨੂੰ ਚਿੜਾ ਜਾਂਦੇ ਰਾਹੀਂ ਵੀ ਦੇਖ-ਦੇਖ ਸਾਨੂੰ ਹੱਸਦੇ ਕਿਸੇ ਦੀ ਗਾਂ ਚੋ ਕੇ ਦੁਧ ਪੀ ਲੈਣਾ, ਹੱਸ-ਹੱਸ ਵੱਖੀਆਂ ਦੋਹਰੀਆਂ ਕਰ ਲੈਂਦੇ ਸੀ। ਅਗਰ ਈਦ ਦਾ ਤਿਉਹਾਰ ਆਣਾ ਜਾਂ ਹੋਲੀ ਆਉਣੀ ਇਕੱਠੇ ਮਨਾਉਣੀ, ਮਸੀਤ ਵਿਚ ਵੜੇ ਰਹਿਣਾ, ਲੰਗਰ-ਪਾਣੀ ਗੁਰਦੁਆਰੇ ਤੋਂ ਜਾ ਖਾਣਾ, ਨਾ ਕੋਈ ਰੋਕਦਾ ਸੀ ਨਾ ਟੋਕਦਾ ਸੀ। ਰਾਤ ਨੂੰ ਆਪਣੇ-ਆਪਣੇ ਘਰ ਸਵੇਰੇ ਫਿਰ ਇਕ ਦੂਸਰੇ ਘਰ ਪਰ ਅਸੀਂ ਵੀ ਵੱਡੇ ਹੋ ਗਏ ਸਮਾਂ ਵੀ 1947 ਦਾ ਆ ਗਿਆ ਮੈਂ ਤੇਰੇ ਘਰ ਨਹੀਂ ਆ ਸਕਦਾ ਤੂੰ ਮੇਰੇ ਘਰ ਨਹੀਂ ਆ ਸਕਦਾ। ਅੱਜ ਬਿਨਾਂ ਪਾਸਪੋਰਟ ਤੂੰ ਮੈਨੂੰ ਮੈਂ ਤੈਨੂੰ ਨਹੀਂ ਮਿਲ ਸਕਦਾ। ਹੁਣ ਦੋਸਤ ਵੀ ਮਜਬੂਰ ਮੈਂ ਵੀ ਮਜਬੂਰ। ਦਿਲ ਕਰਦਾ ਮੇਰਾ ਸਭ ਕੁਝ ਜ਼ਮਾਨਾ ਲੈ ਲਵੇ ਤੇ ਮੇਰਾ ਦੋਸਤ ਤੇ ਮੇਰਾ ਬਚਪਨ ਮੈਨੂੰ ਮਿਲ ਜਾਵੇ। ਮੇਰਾ ਦਿਲ ਟੁੱਟ ਗਿਆ ਕੋਈ ਦੇਵਤਾ ਹੀ ਇਸ ਨੂੰ ਜੋੜ ਸਕਦਾ ਹੈ। ਯਾਦ ਏ ਜਦੋਂ ਬਸੰਤ ਪੰਚਮੀ ਆਉਂਦੀ ਸੀ ਇਕੱਠੇ ਪਤੰਗ ਉਡਾਉਂਦੇ ਸੀ। ਉਹ ਚਰਖੀ ਫੜ ਕੇ ਰੱਖਦਾ ਮੈਂ ਬੋ ਕਾਟਾ ਕਰ ਦੇਣਾ, ਜਦੋਂ ਡੋਰ ਟੁੱਟ ਜਾਂਦੀ ਖੁਸ਼ੀ-ਖੁਸ਼ੀ ਰੋਲਾ ਪਾਉਣਾ। ਬੋ ਕਾਂਟਾ-ਬੋ-ਕਾਟਾ ਕਹਿੰਦੇ ਰਹਿਣਾ। ਸਾਡੇ ਪਿਆਰ ਦੀ ਗੁੱਡੀ ਵੀ ਕੱਟੀ ਗਈ। ਨਫ਼ਰਤ ਦੀ ਡੋਰ ਬਣ ਗਈ। ਅਸੀਂ ਕੱਟੀਆਂ ਪਤੰਗਾਂ ਵਾਂਗ ਪਤਾ ਨਹੀਂ ਕਿਥੇ-ਕਿਥੇ ਡਿੱਗੇ ਫਿਰ ਕਈ ਈਦ ਤੇ ਹੋਲੀਆਂ ਆਈਆਂ ਨਾ ਇਕੱਠੇ ਹੋ ਸਕੇ ਨਾ ਇਕੱਠੇ ਰੋ ਸਕੇ। ਸਾਡੇ ਨਾਲੋਂ ਪੰਛੀ ਚੰਗੇ ਜਿਨ੍ਹਾਂ ਨੂੰ ਪਾਸਪੋਰਟ ਦੀ ਲੋੜ ਨਹੀਂ ਹੈ ਇਹ ਨਾ ਮਜਬਾਂ ਦੇ ਘੇਰੇ ਵਿਚ ਆਉਂਦੇ ਹਨ। ਸਾਰੀਆਂ ਹੱਦਾਂ ਟੱਪਦੇ ਰਹਿੰਦੇ ਤੇ ਖੁਸ਼ ਹੁੰਦੇ ਰਹਿੰਦੇ ਹਨ। ਸਾਡੇ ਲਈ ਅੱਜ ਦੋ ਧਰਤੀਆਂ ਉਨ੍ਹਾਂ ਲਈ ਸਾਰੀ ਦੁਨੀਆਂ ਇਕ ਧਰਤੀ ਇਕ ਅਕਾਸ਼ ਹੈ। ਅੱਜ ਸਾਡੇ ਸੱਚੇ ਸੁੱਚੇ ਪਵਿੱਤਰ ਦਿਨ ਸਮੇਂ ਦੀ ਸਰਕਾਰ ਨੇ ਖੋਹ ਲਏ। ਖੁਦਾ ਕਰੇ ਅੱਜ ਫਿਰ ਸਾਡੇ ਵਿਚੋਂ ਨਫ਼ਰਤ ਦੀ ਅੱਗ ਖਤਮ ਹੋ ਜਾਏ ਅਸੀਂ ਇਕ ਦੂਸਰੇ ਦੇ ਹੋ ਜਾਈਏ ਤੇ ਖੁਸ਼ੀਆਂ ਦੇ ਗੀਤ ਗਾਈਏ।

**-ਭਵਨਦੀਪ ਸਿੰਘ ਮੋਗਾ**

● ● ●

**ਔਲਾਦ ਭਾਵੇਂ ਬੇਰੁਜ਼ਗਾਰ ਹੋਵੇ ਪਰ ਭੈੜੀ ਨਾ ਹੋਵੇ।**

# ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ

ਬਿੱਟੂ ਲਹਿਰੀ ਜੰਡ ਵਾਲਾ ਭੀਮੇ ਸ਼ਾਹ

**ਬਹੁਤ ਹੀ ਸਤਿਕਾਰਯੋਗ ਲੇਖਕ ਬਿੱਟੂ ਲਹਿਰੀ ਜੰਡ ਵਾਲਾ ਭੀਮੇ ਸ਼ਾਹ ਦੀ ਪੰਜਾਬੀ ਸੱਥ ਲਾਂਬੜਾ ਵੱਲੋਂ ਛਪੀ ਕਿਤਾਬ ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ ਜੋ ਕਿ ਛੱਲੇ ਅਤੇ ਉਸ ਦੇ ਪਰਿਵਾਰ ਦੇ ਜੀਵਨ ਬਾਰੇ ਸਾਨੂੰ ਜਾਣਕਾਰੀ ਦਿੰਦੀ ਹੈ। ਅਸੀਂ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਛਾਪ ਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ।**

**ਸੁਰਿੰਦਰ ਸਿੰਘ ਰੂਬੀ**



ਬਿੱਟੂ ਲਹਿਰੀ

ਜੱਲ੍ਹੇ ਦੇ ਵਰਾਇਆਂ ਵੀ ਛੱਲਾ ਸਿਸਕੀਆਂ ਭਰਦਾ ਰਹਿੰਦਾ। ਕਈ ਵਾਰ ਜੱਲ੍ਹਾ ਛੱਲੇ ਨੂੰ ਚੁੱਪ ਕਰਾਉਂਦਾ ਹਾਰ ਜਾਂਦਾ। ਤੇ ਉਸ ਵੇਲੇ ਦੀ ਤਸਵੀਰ ਦਾ ਹਾਲ ਬੇਵੱਸ-ਭਾਵੁਕ ਹੋਏ ਜੱਲ੍ਹੇ ਦਾ ਇਸ ਤਰ੍ਹਾਂ ਨਜ਼ਰ ਆਉਂਦਾ ਹੈ -

**ਗੀਤ**

1. **ਰੋ-ਰੋ ਛੱਲੇ ਹਾਲ ਵੰਜਾਇਆ।**
**ਮਾਂ ਦਾ ਮੋਹ ਨਾ ਭੁੱਲੇ ਭੁਲਾਇਆ।**
**ਰੋਂਦਾ ਛੱਲਾ ਤੱਕ ਕੇ ਜੱਲ੍ਹੇ, ਢਿੱਡ ਵਿੱਚ ਡਾਢਾ, ਖੋਹ ਪਵੇ।**
**ਚੁੱਪ ਕਰਾਉਂਦਾ ਰੋਂਦਾ ਛੱਲਾ, ਆਪ ਵੀ ਜੱਲ੍ਹਾ ਰੋ ਪਵੇ।**
2. **ਕੱਪੜੇ ਚੱਕ ਕੇ ਅੰਮੀ ਦੇ ਉਹ, ਹੱਥ ਜੋੜਦਾ ਰਹਿੰਦਾ।**
**ਜੁੱਤੀ ਕੱਢ ਕੇ ਲੈ ਆਉਂਦਾ, ਪਾ ਅੰਮੀ-ਅੰਮੀ ਕਹਿੰਦਾ।**
**ਬੁਰਕਾ ਲੈ ਲਈ ਮੂੰਹ ਤੇ ਅੰਮੀਏ, ਮੂੰਹ ਵਿੱਚ ਆਇਆ, ਜੋ ਕਹੇ।**
**ਚੁੱਪ ਕਰਾਉਂਦਾ........................................**
3. **ਕੰਧਾਂ ਦੇ ਨਾਲ ਲੱਗ ਲੱਗ ਰੋਂਦਾ, ਧਰਤੀ ਮੁੱਕਾਂ ਮਾਰੇ।**
**ਹੰਝੂਆਂ ਦੇ ਨਾਲ ਹੋ ਜੇ ਗਿੱਲਾ, ਮਾਂ ਹੀ ਮਾਂ ਪੁਕਾਰੇ।**
**ਵੱਸ ਨਾ ਰਹਿੰਦੀ ਰੋਵੇ ਛੱਲਾ, ਧਰਤੀ ਉੱਤੇ ਸੌਂ ਪਵੇ।**
**ਚੁੱਪ ਕਰਾਉਂਦਾ........................................**
4. **ਰੋਟੀ ਪਾਉਂਦਾ ਥਾਲੀ ਦੇ ਵਿੱਚ, ਆ ਅੰਮੀਏ ਅੱਜ ਖਾਵੀਂ।**
**ਵਾਲਦ ਮੇਰਾ ਔਖਾ ਰੱਜ ਕੇ, ਆ ਕੇ ਹੱਥ ਵਟਾਵੀਂ।**
**ਛੱਲਾ 'ਕੱਲਾ ਕਹੇ ਕੋਈ ਨਾ, ਐਸਾ 'ਲਹਿਰੀ' ਮੋਹ ਪਵੇ।**
**ਚੁੱਪ ਕਰਾਉਂਦਾ........................................**

**ਵਿਸਥਾਰ -** ਛੱਲੇ ਦਾ ਰੋਣਾ ਜੱਲ੍ਹੇ ਦੇ ਦਿਲ ਨੂੰ ਬੜੀ ਠੇਸ ਪਹੁੰਚਾਉਂਦਾ। ਜੱਲ੍ਹਾ ਆਪਦੇ ਮਨ ਹੀ ਮਨ ਵਿੱਚ ਕੀ ਸੋਚਦਾ ਹੈ।

**ਸ਼ੇਅਰ**

1. **ਕੱਲਮ ਕੱਲਾ ਹੋਵਾਂ ਜਦ ਮੈਂ, ਰੋ-ਰੋ ਦਿਲ ਨੂੰ ਹੋਲਾ ਕਰਦਾ ਹਾਂ।**
2. **ਕੀ ਦੱਸਾਂ ਮੈਂ ਛੱਲਿਆ ਤੈਨੂੰ, ਕਿੰਨੇ ਠੰਡੇ ਹੌਕੇ ਭਰਦਾ ਹਾਂ।**
3. **ਧੂੰਏਂ ਦੇ ਪੱਜ ਰੋਂਦਾ ਰਹਿੰਦਾ, ਜਦ ਤਵਾ ਚੁੱਲ੍ਹੇ ਤੇ ਧਰਦਾ ਹਾਂ।**
4. **ਜ਼ਖ਼ਮ ਵਿਖਾਵਾਂ ਕਿਸ ਨੂੰ ਆਪਦੇ, ਜਿਸ ਹੱਥ ਚੱਪੂ ਫੜਦਾ ਹਾਂ।**
5. **ਪੁੱਤ ਛੱਲਾ ਨਾ ਹੋਵੇ ਔਖਾ, ਵਿੱਚ ਬੁਢਾਪੇ ਬੇੜੀ ਤਰਦਾ ਹਾਂ।**
6. **ਅੱਜ ਨਹੀਂ ਤੇ ਕੱਲ੍ਹ ਜਾ ਪਰਸੋਂ, ਇੰਜ ਲੱਗਦਾ ਜਿਵੇਂ ਮਰਦਾ ਹਾਂ।**
7. **ਜਿਸ ਪੁੱਤਰ ਦੀ ਨੀਂਦ ਸੀ ਗੋਦੀ, ਹੁਣ ਠੁੱਡੇ ਖਾਂਦਾ ਜਰਦਾਂ ਹਾਂ।**
8. **ਉਹੀ ਵਕਤ ਹੈ ਚੰਗਾ 'ਲਹਿਰੀ', ਬਹਿ ਕਲਮਾਂ ਨਬੀ ਦਾ ਪੜ੍ਹਦਾ ਹਾਂ।**

**ਵਿਸਥਾਰ -** ਛੱਲਾ ਹਰ ਰੋਜ਼ ਮਦਰੱਸੇ ਜਾਂਦਾ ਹੋਇਆ ਮਸੀਤ ਵਿੱਚ ਸਿਜਦਾ ਕਰਕੇ ਜਾਂਦਾ। ਛੱਲਾ ਮਸੀਤ ਵਿੱਚ ਸਿਜਦਾ ਕਰਕੇ ਬਾਹਰ ਨਿਕਲਿਆਂ ਤਾਂ ਤਾਲਿਬਇਲਮ ਵੀ ਕੁਰਾਨ ਸ਼ਰੀਫ ਨੂੰ ਸਿਜਦਾ ਕਰਕੇ ਛੱਲੇ ਨੂੰ ਨਾਲ ਲੈ ਕੇ ਮਦਰੱਸੇ ਨੂੰ ਤੁਰ ਪਏ। ਮਦਰੱਸੇ ਨੂੰ ਜਾਂਦਾ ਤਾਲਿਬਇਲਮ ਦੇ ਕਾਫਲੇ ਦਾ ਹਾਲ -

**ਸ਼ੇਅਰ**

**1. ਹੱਥ ਵਿੱਚ ਫੱਟੀ ਬਸਤਾ, ਰਲ ਚੱਲੇ ਪੜ੍ਹਨ ਭੈਣ ਭਰਾ।**
**2. ਥੋੜੀ ਵਾਟ ਸੀ ਪਿੰਡ ਤੋਂ ਪੈਂਦੀ, ਜੋ ਮਦਰੱਸੇ ਜਾਂਦਾ ਰਾਹ।**
**3. ਵੱਡੇ ਬੱਚੇ ਸ਼ੇਖੀ ਮਾਰਦੇ, ਦਿੰਦੇ ਨਿੱਕਿਆ ਤਾਂਈ ਡਰਾ।**
**4. ਪਿੱਛੇ ਇੱਕ ਦੂਜੇ ਦੇ ਲੁੱਕਦੇ, ਅੱਗੋਂ ਕੁੱਤਾ ਭੌਂਕ ਪਿਆ।**
**5. ਛੱਲਾ ਡਟ ਕੇ ਮੂਹਰੇ ਖੜਿਆ, ਸਾਥੀ ਪਿੱਛੇ ਲਏ ਲੁਕਾ।**
**6. ਕੁੱਤਾ ਵੱਲ ਛੱਲੇ ਦੇ ਉਲਰਿਆ, ਛੱਲੇ ਫੱਟੀ ਦਿੱਤੀ ਚਲਾ।**
**7. ਫੱਟੀ ਵੱਜੀ ਕੁੱਤੇ ਦੇ ਦੰਦੀਆਂ, ਚੀਕਦਾ ਰਾਹੇ ਪੈ ਗਿਆ।**
**8. ਰਲ ਚੱਕ ਲਿਆ 'ਲਹਿਰੀ' ਮੋਢਿਆ, ਵਾਹ ਉਏ ਛੱਲਿਆ ਵਾਹ।**

**ਵਿਸਥਾਰ** - ਛੱਲਾ ਆਪਦੇ ਸਾਥੀਆਂ ਨਾਲ ਮਦਰੱਸੇ ਜਾਂਦੇ ਹੋਏ ਨੇ ਬਹਾਦਰੀ ਨਾਲ ਕੁੱਤੇ ਕੋਲੋਂ ਆਪਣੇ ਸਾਥੀਆਂ ਨੂੰ ਬਚਾ ਲਿਆ। ਛੱਲਾ ਸਾਰਿਆਂ ਦਾ ਚਹੇਤਾ ਬਣ ਗਿਆ। ਮਦਰੱਸੇ ਜਾ ਬੱਚਿਆਂ ਨੇ ਮੁਨਸ਼ੀ ਸਾਹਿਬ ਨੂੰ ਕੁੱਤੇ ਬਾਰੇ ਦੱਸਿਆ ਤਾਂ ਉਨ੍ਹਾਂ ਨੇ ਛੱਲੇ ਨੂੰ ਆਪਣੇ ਦਿਲ 'ਚ ਪਿਆਰ ਦਿੱਤਾ ਤੇ ਆਖਿਆ।

**ਸ਼ੇਅਰ**

**1. ਆਗਿਆਕਾਰੀ ਬਣਸੀ ਛੱਲਾ, ਨਾਂ ਦੁਨੀਆਂ ਤੇ ਕਰਸੀ।**
**2. ਹਰਫ਼ਾ ਦੀ ਇਹ ਕਦਰ ਕਰੇਸੀ, ਤੇ ਅਮਲ ਹਾਜ਼ਰੀ ਭਰਸੀ।**
**3. ਨਜ਼ਰ ਨਾਂ ਲੱਗੇ ਕਾਸ਼ ਛੱਲੇ ਨੂੰ, ਜੱਦ ਇਹ ਜਵਾਨੀ ਚੜ੍ਹਸੀ।**
**4. 'ਲਹਿਰੀ' ਲਿਖਤਾਂ ਕਈ ਲਖੇਸਣ, ਛੱਲਾ ਕੋਈ ਸੁਣਸੀ ਕੋਈ ਪੜ੍ਹਸੀ।**

**ਵਿਸਥਾਰ** - ਮਦਰੱਸੇ ਤੋਂ ਸਾਰੀ ਛੁੱਟੀ ਹੋਈ ਤਾਂ ਬੱਚੇ ਆਪੋ ਆਪਣੇ ਘਰਾਂ ਨੂੰ ਤੁਰ ਪਏ। ਛੱਲੇ ਨੇ ਜਿਨ੍ਹਾਂ ਸਾਥੀਆਂ ਨੂੰ ਕੁੱਤੇ ਕੋਲੋਂ ਬਚਾਇਆ ਸੀ। ਛੱਲੇ ਦੇ ਉਹ ਸਾਰੇ ਸਾਥੀ ਛੱਲੇ ਨੂੰ ਕਹਿ ਰਹੇ ਸਨ।

**ਸ਼ੇਅਰ**

**1. ਤੂੰ ਸਾਡਾ ਸਰਦਾਰ ਉਏ ਛੱਲਿਆ, ਤੂੰ ਸਾਡਾ ਸਰਦਾਰ।**
**2. ਕੁੱਤੇ ਕਸਰ ਕੋਈ ਨਾ ਛੱਡਨੀਂ ਸੀ, ਸਾਡੀ ਪਾੜ ਦਿੰਦਾ ਸਲਵਾਰ।**
**3. ਤੂੰ ਮਰਦਾਂ ਵਾਂਗੂ ਜੂਝਿਆ, ਤੇਰੀ ਸ਼ੇਰਾਂ ਜੇਹੀ ਲਲਕਾਰ।**
**4. ਉਏ ਵੱਢ ਕੁੱਤਾ ਸਾਨੂੰ ਜਾਂਵਦਾ, ਵਿੱਚ ਚਿੱਟੇ ਦਿਨੀਂ ਬਜ਼ਾਰ।**
**5. ਇੰਜ ਫੱਟੀ ਵੱਜੀ ਕੁੱਤੇ ਨੂੰ, ਜਿਵੇਂ ਵੱਜਦੀ ਕੋਈ ਤਲਵਾਰ।**
**6. ਕੁੱਤੇ ਚੀਕ ਚਿਹਾੜਾ ਪੱਟਿਆ, ਤੇ ਝੱਟ ਹੋ ਤੁਰਿਆ ਫਰਾਰ।**
**7. ਅਸੀਂ ਸਭ ਟੋਲੀ ਮੁਖੀ ਬਣਾ ਲਿਆ, ਤੇ ਤੂੰ ਸਾਡਾ ਏਂ ਦਿਲਦਾਰ।**
**8. ਛੱਲਿਆ ਝਗੜੇ ਤੂੰ ਨਬੇੜਸੀਂ, 'ਲਹਿਰੀ' ਕਰ ਲਈਏ ਇਤਬਾਰ।**

**ਵਿਸਥਾਰ** - ਮਦਰੱਸੇ ਛੁੱਟੀ ਵਾਲੇ ਦਿਨ ਜੱਲ੍ਹਾ ਛੱਲੇ ਨੂੰ ਨਾਲ ਲੈ ਕੇ ਲਾਗਲੇ ਪਿੰਡ ਵਿੱਚ ਰਹਿੰਦੇ ਘੁਮਿਆਰ ਦੇ ਘਰੋਂ ਪਾਣੀ ਵਾਲੇ ਘੜੇ ਲੈਣ ਲਈ ਚਲੇ ਗਏ। ਘੁਮਿਆਰ ਨਵੀਂ ਖੋਲੀ ਆਵੀ ਦੇ ਵਿੱਚੋਂ ਗਾਗਰਾਂ ਘੜੇ ਕੱਢ ਰਿਹਾ ਸੀ। ਘੁਮਿਆਰ ਨੇ ਦੋ ਘੜੇ ਜੱਲ੍ਹੇ ਨੂੰ ਦੇ ਦਿੱਤੇ। ਜੱਲ੍ਹੇ ਨੇ ਘੜੇ ਦੇਖੇ ਤੇ ਘੁਮਿਆਰ ਨੂੰ ਕਿਹਾ, ਇਹ ਘੜੇ ਆਬਸ਼ਾਬ ਤਾਂ ਨਹੀਂ ਪੂਰੇ ਪੱਕੇ ਹੋਏ ਹਨ।"

ਛੱਲੇ ਨੇ ਸੁਣਦਿਆਂ ਸਾਰ ਆਪਣੇ ਅੱਬੂ ਨੂੰ ਕਿਹਾ, "ਅੱਬੂ ਇਹ ਪੱਕੇ ਘੜੇ ਟੁੱਟਦੇ ਨਹੀਂ। ਜੱਲ੍ਹਾ ਆਬਦੀਦਾ ਹੋ ਕੇ ਛੱਲੇ ਨੂੰ ਮਿੱਟੀ ਦੀ ਗੱਲ ਕਰਦਾ ਏ।"

**ਸ਼ੇਅਰ**

1. **ਛੱਲਿਆ ਤੂੰ ਵੀਂ ਖਿਡੌਣਾ ਮਿੱਟੀ ਦਾ, ਤੇ ਮੈਂ ਵੀ ਖਿਡੌਣਾ ਮਿੱਟੀ ਦਾ।**
2. **ਉਹ ਵੀ ਖਿਡੌਣਾ ਮਿੱਟੀ ਦਾ, ਜੋ ਆਵੇ ਉਹ ਵੀ ਖਿਡੌਣਾ ਮਿੱਟੀ ਦਾ।**
3. **ਇਹ ਖਿਡੌਣਾ ਤਦ ਤੱਕ ਖੇਡੇ, ਜੱਦ ਤੱਕ ਸਾਹ ਅੰਦਰ ਨੂੰ ਖਿੱਚੀ ਦਾ।**
4. **ਇਹ ਖਿਡੌਣਾ ਜੱਦ ਭਰੇ ਹੁੰਗਾਰਾ, ਬਸ ਉਦੋਂ ਤੱਕ ਹੀ ਜਿੱਤੀ ਦਾ।**
5. **ਛੱਲਿਆਂ ਸਭ ਖਿਡੌਣੇ ਧਰਤੀ ਉੱਤੇ, ਕਿਸੇ ਕੀ ਸਾਥ ਨਿਭਾਉਣਾ ਮਿੱਟੀ ਦਾ।**
6. **ਜੱਦ ਸਾਹ ਖਿਡੌਣਾ ਮਿੱਟੀ ਛੁਡੇਂਦਾ, 'ਲਹਿਰੀ' ਰੋ ਰੋ ਇਸ ਨੂੰ ਪਿੱਟੀ ਦਾ।**
7. **ਇਹ ਖਿਡੌਣਾ ਕਿਸ ਉਮਰੇ ਟੁੱਟੇ, ਇਹਦੇ ਲਈ ਕਿਸੇ ਨੇ ਜਾਣਿਆਂ ਨਹੀਂ।**
8. **ਨਿੱਕੇ ਵੱਡੇ ਖਿਡੌਣੇ ਟੁੱਟੇ, 'ਲਹਿਰੀ' ਉਹ ਵੀ ਟੁੱਟੇ ਜਿੰਨ੍ਹੇ ਪਛਾਣਿਆ ਨਹੀਂ।**

(ਚੱਲਦਾ)

# ਆਓ ਜਾਣੀਏ !

ਇੰਜ. ਪਰਮਿੰਦਰਜੀਤ ਸਿੰਘ

1. ਬਾਇਓ-ਗੈਸ (ਗੋਬਰ ਗੈਸ) ਪਲਾਂਟ ਵਿਚ ਘਰੇਲੂ ਬਾਲਣ ਪੈਦਾ ਕਰਨ ਲਈ ਇਨ੍ਹਾਂ ਵਿਚੋਂ ਕਿਹੜੀ ਗੈਸ ਜਾਂ ਗੈਸਾਂ ਦੀ ਵਰਤੋਂ ਕੀਤੀ ਜਾਂਦੀ ਹੈ ਜੋ ਬਿਨ੍ਹਾਂ ਧੂੰਏਂ ਦੇ ਬਲਦੇ/ਬਲਦੀਆਂ ਹਨ?
   (ੳ) ਇਥੇਨ (ਅ) ਮਿਥੇਨ
   (ੲ) ਆਕਟੇਨ (ਸ) ਉਪਰਲੇ ਸਾਰੇ ਹੀ (ਅ)
2. ਕਿਸ ਪੰਜ ਸਾਲਾ ਯੋਜਨਾ ਵਿਚ ਗਰੀਬੀ ਦੂਰ ਕਰਨ ਨੂੰ ਪਹਿਲ ਦਿੱਤੀ ਗਈ?
   (ੳ) ਸਤਵੀਂ (ਅ) ਦਸਵੀਂ
   (ੲ) ਤੀਜੀ (ਸ) ਪੰਜਵੀਂ (ਸ)
3. ਵਿੱਤੀ ਜ਼ਿੰਮੇਕਾਰੀ ਅਤੇ ਬੱਜਟ ਪ੍ਰਬੰਧ ਕਾਨੂੰਨ ਦਾ ਉਦੇਸ਼ ਹੈ :
   (ੳ) ਵਿੱਤੀ ਘਾਟੇ ਨੂੰ ਨਿਯੰਤਰਤ ਕਰਨਾ
   (ਅ) ਸਰਕਾਰੀ ਖਰਚੇ 'ਚ ਕਫਾਇਤ ਦਾ ਨਿਯੰਤਰਨ
   (ੲ) ਮਾਲੀਏ ਦੇ ਘਾਟੇ ਨੂੰ ਨਿਯੰਤਰਨ ਕਰਨਾ
   (ਸ) ਨਿੱਜੀ ਖੇਤਰ ਵਿਚ ਫਜ਼ੂਲ-ਖਰਚੀ ਨੂੰ ਨਿਯੰਤਰਨ ਕਰਨਾ (ਅ)
4. ਗਿਆਰਵੀਂ ਪੰਜ ਸਾਲਾ ਯੋਜਨਾ ਦਾ ਨਿਸ਼ਾਨਾ ਸੀ?
   (ੳ) ਸਰਬਪੱਖੀ ਵਿਕਾਸ (ਅ) ਵਧੇਰਾ ਵਿਕਾਸ
   (ੲ) ਸੰਤੁਲਤ ਵਿਕਾਸ (ਸ) ਆਤਮ ਨਿਰਭਰ ਵਿਕਾਸ (ੳ)
5. ਰਾਸ਼ਟਰੀ ਆਮਦਨ ਦੇ ਅੰਕੜੇ ਕਿਸ ਦੁਆਰਾ ਇਕੱਠੇ ਕੀਤੇ ਜਾਂਦੇ ਹਨ?
   (ੳ) ਯੋਜਨ ਆਯੋਗ (ਅ) ਸੀ ਐਸ ਓ
   (ੲ) ਐਨ ਐਨ ਐਸ ਓ (ਸ) ਉਪਰਲੇ ਸਾਰੇ ਹੀ (ਅ)
6. ਹੇਠ ਲਿਖਿਆਂ ਵਿਚੋਂ ਕਿਹੜੀ ਗੈਸ ਬਾਕੀ ਗੈਸਾਂ ਤੋਂ ਭਾਰੀ ਹੈ?
   (ੳ) ਕਾਰਬਨਡਾਈਆਕਸਾਈਡ (ਅ) ਆਰਗਨ
   (ੲ) ਆਕਸੀਜਨ (ਸ) ਨਾਈਟ੍ਰੋਜਨ (ੳ)
7. ਬੋਧ ਸੂਤਰਾਂ (Buddhist Texts) ਮੁਤਾਬਕ ਸੰਘ ਵਿਚ ਪ੍ਰਵੇਸ਼ ਕਰਨ ਵਾਲੀ ਅਤੇ 'ਭਿਖਣੀ' (Bhikhuni) ਵਜੋਂ ਨਿਯੁਕਤ ਹੋਈ ਪਹਿਲੀ ਇਸਤਰੀ ਕੌਣ ਸੀ?
   (ੳ) ਮਹਾਮਾਇਆ ਮਾਇਆ ਦੇਵੀ (ਅ) ਮਹਾਪਜਾਪਤੀ ਗੌਤਮੀ
   (ੲ) ਮਹਾਂਦੇਵੀ ਯਸ਼ੋਧਰਾ (ਸ) ਸ੍ਰੈਭੰਜਿਕ੍ਰਾ ਅਨੰਦੀ (ਅ)
8. ਹੇਠ ਲਿਖੇ ਵਿਚੋਂ ਕਿਸ ਰਿਟ/ਆਦੇਸ਼ ਤਹਿਤ, ਇਕ ਵਿਅਕਤੀ 'ਚ ਪਬਲਿਕ/ਜਨਤਕ ਦਫ਼ਤਰ ਨੂੰ ਰੱਖਣ ਦੇ ਅਧਿਕਾਰ ਨੂੰ ਲਲਕਾਰਿਆ ਜਾ ਸਕਦਾ ਹੈ?
   (ੳ) Certiorari (ਅ) Habeas Corpus
   (ੲ) Mandamus (ਸ) Quo Warranto (ਸ)
9. ਦੂਜੇ ਵਿਸ਼ਵਯੁੱਧ ਦੌਰਾਨ ਜਰਮਨੀ ਵੱਲੋਂ ਅਪਰੇਸ਼ਨ 'ਬਾਰਬਰੌਸਾ' ਕੋਡ ਤਹਿਤ ਕਿਸ ਦੇਸ਼ ਤੇ ਹਮਲਾ ਕੀਤਾ ਗਿਆ ਸੀ?
   (ੳ) ਗਰੇਟ ਬ੍ਰਿਟੇਨ (ਅ) ਸੋਵੀਅਤ ਯੂਨੀਅਨ
   (ੲ) ਫਰਾਂਸ (ਸ) ਯੂ.ਐਸ.ਏ. (ਅ)
10. ਵੱਡੇ ਘੱਲੂਘਾਰੇ ਦੀ ਘਟਨਾ ਕਦੋਂ ਹੋਈ?
   (ੳ) 1762 ਈ. (ਅ) 1726 ਈ.
   (ੲ) 1757 ਈ. (ਹ) 1728 ਈ. (ੳ)

# ਨਾਟਕ ਹੀ ਨਾਟਕ

ਸਤਵਿੰਦਰ ਸਿੰਘ ਬੇਗੋਵਾਲੀਆ

ਪ੍ਰਸਿੱਧ ਨਾਟਕਕਾਰ ਸਤਵਿੰਦਰ ਸਿੰਘ ਬੇਗੋਵਾਲੀਆ ਨਗਰ ਬੇਗੋਵਾਲ ਦੇ ਸਿਰਕੱਢ ਮੁਰੱਬੀਆ ਪਰਿਵਾਰ ਦੇ ਫਰਜੰਦ ਹਨ।ਆਪ ਜੀ ਪੰਜਾਬ ਸਿੱਖਿਆ ਵਿਭਾਗ ਵਿਚੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ ਹਨ।ਆਪ ਜੀ ਨੇ ਆਪਣੀ ਕਲਮ ਤੋਂ ਤਕਰੀਬਨ ਅੱਧੀ ਦਰਜਨ ਨਾਟ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਈਆਂ ਹਨ। ਉਹਨਾਂ ਨੂੰ ਆਈ.ਸੀ. ਨੰਦਾ ਨਾਟਕ ਪੁਰਸਕਾਰ ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਉਹਨਾਂ ਦੇ ਕੁਝ ਨਾਟਕਾਂ ਨੂੰ ਅਸੀਂ 'ਲੁਬਾਣਾ ਸੇਵਕ' ਵਿਚ ਧੰਨਵਾਦ ਸਹਿਤ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰਦੇ ਹਾਂ।

ਸੁਰਿੰਦਰ ਸਿੰਘ ਰੂਬੀ 'ਸੰਪਾਦਕ'



ਸਤਵਿੰਦਰ ਸਿੰਘ ਬੇਗੋਵਾਲੀਆ

**ਜਨਮ** : ਨਾਟਕਕਾਰ ਹੈ, ਜੋ ਸਕੂਲ ਕਰਮਚਾਰੀ ਵੀ ਹੈ।
**ਸਿੰਮੀ** : ਸਨਮ ਦੀ ਪਤਨੀ
**ਸੋਨੂੰ** : ਸਨਮ ਦਾ ਪੁੱਤਰ
**ਮਹਿੰਦਰ** : ਸਨਮ ਦਾ ਦੋਸਤ, ਇੱਕ ਸਕੂਲ ਅਧਿਆਪਕ।
**ਰੋਜ਼ੀ** : ਇੱਕ ਕਲਾਕਾਰ
**ਵੀਰੋ ਲੜਾਕੀ** : ਰੋਜ਼ੀ ਦੀ ਮਾਂ
**ਬਿੱਟੂ, ਦੀਪਕ** : ਦੋ ਕਲਾਕਾਰ
**ਧੀਰਾ** : ਬਰਖ਼ਾਸਤ ਹੋਇਆ ਕਰਮਚਾਰੀ, ਸਵੈ ਸਥਾਪਤ ਸਭਾ ਦਾ ਪ੍ਰਧਾਨ
**ਪਰਦੇਸੀ** : ਸਾਉਂਡ ਵਾਲਾ
**ਪ੍ਰਧਾਨ, ਸੈਕਟਰੀ** : ਸ਼ਹੀਦ ਭਵਨ ਉੱਪਰ ਕਾਬਜ਼ ਵਿਅਕਤੀ

## ਨਾਟਕ ਹੀ ਨਾਟਕ
## ਦ੍ਰਿਸ਼ ਪਹਿਲਾ

**ਸਥਾਨ** : ਸਨਮ ਦੇ ਘਰ ਦਾ ਵਰਾਂਡਾ।
(ਵਰਾਂਡੇ ਵਿਚ ਚਾਰ ਪੰਜ ਕੁਰਸੀਆਂ ਪਈਆਂ ਹਨ, ਕੋਲ ਇਕ ਮੇਜ਼ ਵੀ ਹੈ, ਜਿਸ ਉੱਪਰ ਟੈਲੀਫ਼ੋਨ ਸੈੱਟ ਰੱਖਿਆ ਹੋਇਆ ਹੈ। ਇਕ ਪਾਸੇ ਇਕ ਬੈੱਡ ਲੱਗਾ ਹੋਇਆ ਹੈ, ਜਿਸ ਉੱਪਰ ਸਨਮ ਦੀ ਪਤਨੀ ਸਿੰਮੀ ਅਤੇ ਲੜਕਾ ਸੋਨੂੰ ਬੈਠੇ ਹਨ। ਦੋਵੇਂ ਕੁਝ ਉਦਾਸ ਜਿਹੇ ਨਜ਼ਰ ਆਉਂਦੇ ਹਨ)।

**ਸਿੰਮੀ** : ਫਾਹ ਈ ਪਾ ਲਿਐ ਤੇਰੇ ਡੈਡੀ ਨੇ ਨਟਾਕਾਂ ਨੂਟਕਾਂ ਦਾ। ਬਥੇਰਾ ਰੌਲਾ ਪਾਉਂਦੀ ਰਹੀ ਆਂ ਕੋਈ ਘਰ ਦਾ ਕੰਮ ਵੀ ਕਰ ਲਿਆ ਕਰੋ। ਮੁੰਡਾ ਜਵਾਨ ਹੋ ਗਿਐ, ਕੋਈ ਇਹਦਾ ਨਹੀਂ ਸੋਚਣਾ?..... ਪਰ ਇਹ ਪਤਾ ਨਹੀਂ ਕਿਹੜੀ ਮਿੱਟੀ ਦੇ ਬਣੇ ਹੋਏ ਨੇ, ਬਸ ਇੱਕੋ ਗੱਲ ਕਲ੍ਹ ਫਲਾਣੀ ਥਾਂ 'ਤੇ ਨਾਟਕ ਖੇਡਣਾ ਏ, ਅਗਲੇ ਹਫ਼ਤੇ ਦਰਿਆਉਂ ਪਾਰ ਖੇਡਣੈ.....
ਨਾਟਕਾਂ ਦਾ ਐਸਾ ਭੂਤ ਸਵਾਰ ਹੋਇਐ ਕਿ ਬਾਕੀ ਕੁਝ ਨਜ਼ਰ ਈਂ ਆਉਣੋਂ ਹਟ ਗਿਐ। ਗੂੜ੍ਹੀ ਵਾਲੇ ਸੰਤਾਂ ਤੋਂ ਭਬੂਤਾ ਲਿਆ ਕੇ ਦੁੱਧ ਵਿਚ ਪਿਆਇਆ ਕਿ ਨਾਟਕ ਮਗਰੋਂ ਲਹਿ ਜਾਣ। ਪਰ ਇਹਨਾਂ 'ਤੇ ਜ਼ਰਾ ਅਸਰ ਨਾ ਹੋਇਆ, ਸਗੋਂ ਪਹਿਲਾਂ ਤੋਂ ਵੀ ਵੱਧ ਨਾਟਕ ਖੇਡਣ ਲੱਗ ਪਏ.....

**ਸੋਨੂੰ** : ਮੰਮੀ, ਤੇਰੀ ਵੀ ਮੱਤ ਅਪਣੀ ਏ। ਭਲਾ ਭਬੂਤੇ ਵੀ ਕਦੇ ਨਾਟਕ ਬੰਦ ਕਰਵਾ ਸਕਦੇ ਨੇ?

**ਸਿੰਮੀ** : ਹੁਣ ਲੱਗੇਗਾ ਪਤਾ ਨਾਟਕ ਖੇਡਣ ਦਾ..... ਮੇਰਾ ਦਿਲ ਧਕ ਵੱਜ ਰਿਹੈ। ਟੈਲੀਫ਼ੂਨ ਤੇ ਟੈਲੀਫ਼ੂਨ ਖੜਕ ਰਹੇ ਨੇ।

**ਸੋਨੂੰ** : ਮੰਮੀ ਤੂੰ ਐਵੇਂ ਘਬਰਾ ਜਾਂਦੀ ਏਂ, ਟੈਲੀਫ਼ੂਨਾਂ ਤੇ ਕਈ ਕੁਝ ਚਲਦਾ ਹੁੰਦੈ। ਕਈਆਂ ਦਾ ਕੰਮ ਈ ਅਗਲੇ ਨੂੰ ਡਰਾਉਣਾ ਹੁੰਦੈ।
(ਬਾਹਰ ਦਰਵਾਜ਼ੇ ਕੋਲ ਲੱਗੀ ਘੰਟੀ ਖੜਕਦੀ ਹੈ, ਸਿੰਮੀ ਹੋਰ ਵੀ ਘਬਰਾ ਜਾਂਦੀ ਹੈ)

**ਸਿੰਮੀ** : ਵੇਖੀਂ ਜ਼ਰਾ ਬਾਹਰ, ਕੌਣ ਆਇਐ?
(ਸੋਨੂੰ ਉੱਠਦਾ ਹੈ ਪਰ ਸਿੰਮੀ ਵੀ ਨਾਲ ਹੀ ਉੱਠ ਪੈਂਦੀ ਹੈ)

ਤੂੰ ਬੈਠਾ ਰਹਿ। ਮੈਂ ਜਾਨੀ ਆਂ ਬਾਹਰ ਵੇਖਣ, ਜਿਹੜੀ ਗੋਲੀ ਲੱਗਣੀ ਏ ਮੇਰੇ ਲੱਗ ਲੈਣ ਦੇ।
(ਮਹਿੰਦਰ ਹੱਸਦਾ ਹੋਇਆ ਅੰਦਰ ਆਉਂਦਾ ਹੈ)

ਮਹਿੰਦਰ : ਬਾਹਰ ਤਾਂ ਗੋਲੀ ਮਾਰਨ ਵਾਲਾ ਕੋਈ ਨਹੀਂ, ਤੁਹਾਡੇ ਕਿੱਥੋਂ ਗੋਲੀ ਵੱਜ ਜਾਵੇਗੀ। ਭਰਜਾਈ, ਤੁਸੀਂ ਅਪਸੈੱਟ ਲੱਗਦੇ ਹੋ?

ਸਿੰਮੀ : ਅਪਸੈੱਟ ਨਾ ਹੋਵਾਂ ਤਾਂ ਹੋਰ ਖ਼ੁਸ਼ ਹੋਵਾਂ..... ਸੋਨੂੰ ਦੇ ਡੈਡੀ ਦੇ ਨਾਟਕਾਂ ਨੇ ਚੰਨ ਚਾੜ੍ਹ ਈ ਦਿੱਤੈ।

ਮਹਿੰਦਰ : ਉਹਨਾਂ ਦੇ ਨਾਟਕ ਤਾਂ ਲੋਕ ਬੜੇ ਰੀਝ ਨਾਲ ਵੇਖਦੇ ਨੇ, ਵਿਦ ਗਰੇਟ ਜੁਆਏ। ਦਰਸ਼ਕਾਂ ਨੂੰ ਬੰਨ੍ਹ ਕੇ ਬਿਠਾ ਦਿੰਦੇ ਨੇ।

ਸਿੰਮੀ : ਸਾਨੂੰ ਵੀ ਤਾਂ ਬੰਨ੍ਹ ਕੇ ਬਿਠਾ ਦਿੱਤੈ ਖਸਮਾਂ ਨੂੰ ਖਾਣਿਆਂ ਨਾਟਕਾਂ ਨੇ।

ਸੋਨੂੰ : ਮੰਮੀ ਕੀ ਕਰੀ ਜਾਂਦੀ ਏ ਸਵੇਰ ਦੀ, ਨਾ ਰੋਟੀ ਪਕਾਈ ਤੇ ਨਾ ਚਾਹ ਬਣਾਈ।

ਸਿੰਮੀ : ਨਾ ਤੈਨੂੰ ਰੋਟੀ ਸੁਝਦੀ ਪਈ ਏ? ਪੇਟੂ ਕਿਸੇ ਥਾਂ ਦਾ।

ਮਹਿੰਦਰ : ਆਖਰ ਹੋਇਆ ਕੀ? ਵਟ ਹੈਪਨਡ?

ਸਿੰਮੀ : ਕੀ ਨਹੀਂ ਹੋਇਆ।

ਸੋਨੂੰ : ਕੋਈ ਗੋਲਾ ਤਾਂ ਨਹੀਂ ਡਿੱਗਣ ਲੱਗਾ।

ਮਹਿੰਦਰ : (ਝਿੜਕਦੇ ਹੋਏ) ਕਾਕੇ ਬੀ ਸਾਈਲੈਂਟ, ਤੂੰ ਨਹੀਂ ਬੋਲਣਾ। ਹਾਂ ਹਾਂ ਦੱਸੋ ਗੱਲ ਕੀ ਏ?

ਸਿੰਮੀ : ਸਵੇਰ ਦਾ ਕੋਈ ਬੰਦਾ ਡਰਾਉਣੀ ਜਿਹੀ ਵਾਜ ਵਿਚ ਫ਼ੂਨ ਕਰ ਰਿਹੈ-ਮੈਂ ਨਾਟਕ ਕਰਵਾਉਣੈਂ ਸਨਮ ਦੀ ਡਰਾਮਾ ਪਾਰਟੀ ਤੋਂ.....(ਰੋ ਪੈਂਦੀ ਹੈ)

ਮਹਿੰਦਰ : ਆਪਣਾ ਨਾਂ ਜਾਂ ਥਹੁ ਪਤਾ ਯਾਨੀ ਅਡਰੈੱਸ ਵਗੈਰਾ ਦਸਦੈ?

ਸਿੰਮੀ : ਕਹਿੰਦੇ ਗੁਰਦਾਸਪੁਰੋਂ ਬੋਲ ਰਿਹਾਂ।

ਮਹਿੰਦਰ : ਗੁਰਦਾਸਪੁਰ? ਉਧਰ ਤਾਂ ਕਦੇ ਖੇਡਣ ਨਹੀਂ ਗਏ ਸਨਮ ਹੋਰੀਂ ਨਾਟਕ। ਪਰ ਚਿੰਤਾ ਵਾਲੀ ਕਿਹੜੀ ਗੱਲ ਏ। ਨੋ ਨੀਡ ਟੂ ਵਰੀ ਐਟ ਆਲ।

ਸਿੰਮੀ : ਉਹ ਬੰਦਾ ਕਹਿੰਦੈ ਡਰਾਮਿਆਂ ਦਾ ਵੱਡਾ ਜਿਹਾ ਸ਼ੋਅ ਕਰਾਉਣੈਂ।

ਮਹਿੰਦਰ : ਯੈੱਸ?

ਸਿੰਮੀ : ਕਹਿੰਦਾ ਸੀ ਗਲ ਵਿਚ ਨੋਟਾਂ ਦੇ ਹਾਰ ਪਾਵਾਂਗੇ, ਫਿਰ ਡਰਾਉਣਾ ਜਿਹਾ ਹਾਸਾ ਹੱਸਣ ਲੱਗ ਪੈਂਦਾ, ਜਿਵੇਂ ਰਾਮ ਲੀਲਾ ਵਿਚ ਮਰ ਜਾਣਾ ਰਾਵਣ ਹਾਸਾ ਹੱਸਦਾ ਹੁੰਦੈ।

ਮਹਿੰਦਰ : ਕੋਈ ਸ਼ਰਾਰਤ ਕਰ ਰਿਹੈ, ਆ ਜਾਏਗਾ ਕਾਬੂ।

ਸਿੰਮੀ : ਜਦ ਮੈਂ ਦੂਸਰੀ ਵਾਰ ਰਸੀਵਰ ਚੁੱਕਿਆ ਤਾਂ ਉਹ ਕਿਸੇ ਲੜਕੀ ਨੂੰ ਕਹਿ ਰਿਹਾ ਸੀ-"ਤੂੰ ਦਰਵਾਜ਼ਾ ਬੰਦ ਕਰ ਦੇ, ਵੇਖ ਮੈਂ ਕਿਵੇਂ ਭਜਾਉਂਦਾ ਐਸ ਨਾਟਕਕਾਰ ਨੂੰ। ਲੜਕੀ ਦੀ ਵੀ ਮਾੜੀ ਮੋਟੀ ਵਾਜ ਸੁਣੀ ਸੀ ਮੈਂ, ਕੰਜਰੀ ਦੰਦੀਆਂ ਕੱਢਦੀ ਪਈ ਸੀ।

ਮਹਿੰਦਰ : ਹੁਣ ਸਮਝ ਪਈ ਏ ਉਹ ਫ਼ੂਨ ਕਿਥੋਂ ਆਇਆ ਸੀ।

ਸਿੰਮੀ : (ਕਾਹਲੀ ਨਾਲ) ਕਿਥੋਂ ਆਇਆ ਸੀ? ਕੀਹਦਾ ਸੀ ਫ਼ੂਨ?

ਮਹਿੰਦਰ : ਰੋਜ਼ੀ ਦਾ।

ਸਿੰਮੀ : ਜਿਹਨੂੰ ਸੋਨੂੰ ਦੇ ਡੈਡੀ ਨੇ ਡਰਾਮਾ ਪਾਰਟੀ ਵਿਚੋਂ ਕੱਢ ਦਿੱਤੈ।

ਮਹਿੰਦਰ : ਉਹ ਕੁੜੀ ਪੁਰਾਣੇ ਬਜ਼ਾਰ ਵਿਚ ਕਾਲੇ ਸ਼ੀਸ਼ਿਆਂ ਵਾਲੀ ਦੁਕਾਨ 'ਤੇ ਕੰਮ ਕਰਦੀ ਏ, ਦੁਕਾਨ ਵਿਚ ਐਸ.ਟੀ.ਡੀ. ਲੱਗੀ ਏ ਤੇ ਨਾਲੇ ਬਾਹਰਲੀ ਕਰੰਸੀ ਚੇਂਜ ਹੁੰਦੀ ਏ।

ਸਿੰਮੀ : (ਡਰ ਵਿਚ) ਕਾਲੇ ਸ਼ੀਸ਼ਿਆਂ ਵਾਲੀ ਦੁਕਾਨ?

ਮਹਿੰਦਰ : ਹਾਂ, ਕਾਲੇ ਸ਼ੀਸ਼ਿਆਂ ਵਾਲੀ ਦੁਕਾਨ 'ਤੇ ਕੰਮ ਵੀ ਕਾਲੇ ਚਲਦੇ ਨੇ।

ਸਿੰਮੀ : ਉਸ ਦੁਕਾਨ ਦਾ ਮਾਲਕ ਕੌਣ ਏ?

ਮਹਿੰਦਰ : ਪਾਲੇ ਦੀ ਵਿਧਵਾ ਨੂਰੀ।

ਸਿੰਮੀ : ਉਹ ਤਾਂ ਬੜੀ ਖ਼ਤਰਨਾਕ ਔਰਤ ਏ..... ਬਜ਼ਾਰ ਵਿਚ ਕਦੇ ਕਿਸੇ ਬੰਦੇ ਕੋਲ, ਕਦੇ ਕਿਸੇ ਕੋਲ ਖੜ੍ਹੀ ਦੰਦ ਕੱਢਦੀ ਹੁੰਦੀ ਏ। ਵੇਖਦੀ ਏ ਮਾਰਨ ਵਾਲੀ ਮੱਝ ਵਾਂਗ।

**(ਚਲਦਾ)**

# ਰੋਜ਼ਾਨਾ ਜੀਵਨ ਦੀਆਂ ਆਮ ਸਰੀਰਕ ਤਕਲੀਫ਼ਾਂ ਦੂਰ ਕਰਨ ਲਈ ਕੁਝ ਸਾਧਾਰਨ ਕਸਰਤਾਂ

ਨਵਪ੍ਰੀਤ ਕੌਰ



ਸਾਡਾ ਸਰੀਰ ਦਿਨ ਭਰ ਦੇ ਕੰਮਾਂਕਾਰਾਂ ਦੌਰਾਨ ਕਈ ਤਰ੍ਹਾਂ ਦੇ ਸਰੀਰਕ ਅਤੇ ਮਾਨਸਿਕ ਤਣਾਅ ਝੱਲਦਾ ਹੈ ਅਤੇ ਕਈ ਵਾਰ ਇਹ ਤਣਾਅ ਸਰੀਰ ਦੇ ਕਿਸੇ ਖਾਸ ਹਿੱਸੇ ਵਿਚ ਸਾਧਾਰਨ ਨਾਲੋਂ ਵੱਧ ਤਕਲੀਫ਼ ਪੈਦਾ ਕਰਨ ਲੱਗਦਾ ਹੈ। ਲਗਾਤਾਰ ਕਸਰਤ ਦੇ ਜ਼ਰੀਏ ਸਰੀਰ ਵਿਚ ਪੈਦਾ ਹੋਣ ਵਾਲੀਆਂ ਕਈ ਸਮੱਸਿਆਵਾਂ ਨੂੰ ਬੜੀ ਅਸਾਨੀ ਨਾਲ ਹੱਲ ਕੀਤਾ ਜਾ ਸਕਦਾ ਹੈ। ਸ਼ੁਰੂ ਵਿਚ ਮਾਮੂਲੀ ਲੱਗਣ ਵਾਲੀਆਂ ਇਨ੍ਹਾਂ ਤਕਲੀਫ਼ਾਂ ਨੂੰ ਜੇਕਰ ਅਣਗੌਲਿਆ ਕੀਤਾ ਜਾਵੇ ਤਾਂ ਅੱਗੇ ਜਾ ਕੇ ਕਿਸੇ ਗੰਭੀਰ ਬੀਮਾਰੀ ਦਾ ਕਾਰਨ ਵੀ ਬਣ ਸਕਦੀਆਂ ਹਨ। ਅੱਗੇ ਦਿੱਤੀਆਂ ਕਸਰਤਾਂ ਆਮ ਤੌਰ ’ਤੇ ਬਹੁਤ ਸੁਰੱਖਿਅਤ ਹਨ ਪਰ ਜੇਕਰ ਕਿਸੇ ਕਸਰਤ ਨਾਲ ਇਕ ਦਮ ਤੇਜ਼ ਦਰਦ ਪੈਦਾ ਹੁੰਦਾ ਹੈ ਜਾਂ ਕਸਰਤ ਕਰਨ ਤੋਂ ਕਈ ਘੰਟੇ ਬਾਅਦ ਵੀ ਦਰਦ ਕਾਇਮ ਰਹਿੰਦਾ ਹੈ ਤਾਂ ਕਸਰਤ ਬੰਦ ਕਰਕੇ ਡਾਕਟਰ ਦੀ ਸਲਾਹ ਲਉ। ਸ਼ੁਰੂ ਵਿਚ ਕਸਰਤ ਕਰਨ ਨਾਲ ਸਰੀਰ ਵਿਚ ਹਲਕਾ ਥਕਾਵਟ ਨੁਮਾ ਦਰਦ ਹੋਣਾ ਸੁਭਾਵਿਕ ਹੈ ਅਤੇ ਇਹ ਕੁਝ ਸਮੇਂ ਬਾਅਦ ਆਪਣੇ ਆਪ ਗਾਇਬ ਹੋ ਜਾਂਦਾ ਹੈ।

ਆਮ ਤੌਰ ’ਤੇ ਕਸਰਤ ਦੋ ਤਰ੍ਹਾਂ ਦੀ ਹੋ ਸਕਦੀ ਹੈ :

1. ਪਹਿਲੀ ਜੋ ਮਾਸਪੇਸ਼ੀਆਂ ਨੂੰ ਖਿੱਚ ਕੇ ਫੈਲਾਉਂਦੀ ਹੈ। ਇਸ ਕਸਰਤ ਨਾਲ ਮਾਸਪੇਸ਼ੀਆਂ ਦੀ ਲਚਕਤਾ ਵੱਧਦੀ ਹੈ ਅਤੇ ਜੋੜਾਂ ਦੀ ਹਰਕਤ ਦੀ ਸੀਮਾਂ ਵਿਚ ਵੀ ਸੁਧਾਰ ਹੁੰਦਾ ਹੈ। ਇਹ ਕਸਰਤ ਰੋਜ਼ਾਨਾ ਕਰਨ ਨਾਲ ਸਰੀਰ ਵਿਚ ਹੋਣ ਵਾਲੇ ਜੋੜਾਂ ਅਤੇ ਮਾਸਪੇਸ਼ੀਆਂ ਦੇ ਦਰਦ ਦਾ ਖ਼ਤਰਾ ਕਾਫੀ ਘੱਟ ਜਾਂਦਾ ਹੈ।

2. ਦੂਸਰੀ ਤਰ੍ਹਾਂ ਦੀ ਕਸਰਤ ਮਾਸਪੇਸ਼ੀਆਂ ਦੀ ਤਾਕਤ ਵਧਾਉਣ ਵਿਚ ਸਹਾਈ ਹੁੰਦੀ ਹੈ। ਮਜ਼ਬੂਤ ਮਾਸਪੇਸ਼ੀਆਂ ਜੋੜਾਂ ਨੂੰ ਸਥਿਰਤਾ ਪ੍ਰਦਾਨ ਕਰਕੇ ਕਿਸੇ ਨੁਕਸਾਨ ਤੋਂ ਬਚਾਉਂਦੀਆਂ ਹਨ।


ਦੋਹਾਂ ਹੀ ਤਰ੍ਹਾਂ ਦੀਆਂ ਕਸਰਤਾਂ ਜੋੜਾਂ ਅਤੇ ਮਾਸਪੇਸ਼ੀਆਂ ਦੀ ਤਕਲੀਫ ਦੂਰ ਕਰਨ ਲਈ ਇਕੋ ਜਿਹੀਆਂ ਲਾਭਵੰਦ ਹਨ।

**ਗਰਦਨ ਦੀ ਤਕਲੀ.ਫ** - ਗਰਦਨ ਵਿਚ ਦਰਦ ਦੇ ਕਈ ਕਾਰਨ ਹੋ ਸਕਦੇ ਹਨ। ਇਹ ਦਰਦ ਅਚਾਨਕ ਮਾਸਪੇਸ਼ੀਆਂ ਦੇ ਕਿਸੇ ਦਬਾਅ ਹੇਠ ਆਉਣ ਜਾਂ ਝਟਕਾ ਲੱਗਣ ਕਾਰਨ ਹੋ ਸਕਦਾ ਹੈ ਜੋ ਆਮ ਤੌਰ ’ਤੇ ਕੁਝ ਸਮੇਂ ਬਾਅਦ ਠੀਕ ਹੋ ਜਾਂਦਾ ਹੈ। ਗਰਦਨ ਦੇ ਮਣਕਿਆਂ ਵਿਚ ਵਿਗਾੜ ਕਾਰਨ ਹੋਣ ਵਾਲਾ ਦਰਦ ਕਈ ਵਾਰ ਲੰਮੇ ਸਮੇਂ ਤੱਕ ਪ੍ਰੇਸ਼ਾਨੀ ਦਾ ਕਾਰਨ ਬਣ ਸਕਦਾ ਹੈ। ਕੁਝ ਹਲਕੀਆਂ ਕਸਰਤਾਂ ਦਰਦ ਨੂੰ ਘਟਾਉਣ ਵਿਚ ਮੱਦਦ ਕਰਦੀਆਂ ਹਨ। ਜੇਕਰ ਤਕਲੀ.ਫ ਜ਼ਿਆਦਾ ਹੈ ਜਾਂ ਬਹੁਤ ਲੰਮੇ ਸਮੇਂ ਤੋਂ ਹੈ ਤਾਂ ਡਾਕਟਰ ਨਾਲ ਸਲਾਹ ਕਰਕੇ ਸਹੀ ਕਾਰਨ ਦਾ ਪਤਾ ਲਗਾਉਣਾ ਅਤੇ ਕਸਰਤ ਦੀਆਂ ਸਾਵਧਾਨੀਆਂ ਬਾਰੇ ਸੁਝਾਅ ਜ਼ਰੂਰ ਲੈਣਾ ਚਾਹੀਦਾ ਹੈ। ਤਕਲੀ.ਫ ਦੂਰ ਹੋਣ ਤੋਂ ਬਾਅਦ ਵਿਚ ਵੀ ਇਹ ਕਸਰਤਾਂ ਜਾਰੀ ਰੱਖਣ ਨਾਲ ਗਰਦਨ ਦੀ ਪ੍ਰੇਸ਼ਾਨੀ ਦੁਬਾਰਾ ਹੋਣ ਤੋਂ ਬਚਿਆ ਜਾ ਸਕਦਾ ਹੈ।

**ਗਰਦਨ ਦੀ ਲਚਕਤਾ ਜਾਂ ਹਰਕਤ ਦੀ ਸੀਮਾ ਵਧਾਉਣ ਲਈ ਕਸਰਤ** - ਇਹ ਕਸਰਤ ਸਿੱਧੇ ਖੜ੍ਹੇ ਹੋ ਕੇ ਜਾਂ ਕੁਰਸੀ ’ਤੇ ਬੈਠ ਕੇ ਵੀ ਕੀਤੀ ਜਾ ਸਕਦੀ ਹੈ। ਕਸਰਤ ਕਰਦੇ ਸਮੇਂ ਪਿੱਠ ਬਿਲਕੁਲ ਸਿੱਧੀ ਰਹੇ ਅਤੇ ਗਰਦਨ ਜਾਂ ਮੋਢਿਆਂ ਵਿਚ ਕਿਸੇ ਕਿਸਮ ਦਾ ਤਣਾਅ ਪੈਦਾ ਨਹੀਂ ਹੋਣਾ ਚਾਹੀਦਾ। ਕਸਰਤ ਦੀ ਹਰ ਹਰਕਤ ਨਿਯੰਤਰਿਤ ਤਰੀਕੇ ਨਾਲ ਕਰਨੀ ਵੀ ਬਹੁਤ ਜ਼ਰੂਰੀ ਹੈ। ਇਹ ਕਸਰਤ ਦਿਨ ਵਿਚ 2–3 ਵਾਰ ਕਰਨ ਦੀ ਕੋਸ਼ਿਸ਼ ਕਰੋ।


* ਠੋਡੀ ਨੂੰ ਛਾਤੀ ਦੇ ਨਾਲ ਲਗਾਉ ਅਤੇ ਫਿਰ ਜਿੰਨਾ ਹੋ ਸਕੇ ਠੋਡੀ ਨੂੰ ਉੱਪਰ ਚੁੱਕੋ। ਇਹ ਹਰਕਤ 6–7 ਵਾਰ ਦੁਹਰਾਉ।

* ਗਰਦਨ ਘੁਮਾ ਕੇ ਠੋਡੀ ਨੂੰ ਖੱਬੇ ਮੋਢੇ ਵੱਲ ਜਿੱਥੋਂ ਤੱਕ ਹੋ ਸਕੇ ਲੈ ਕੇ ਜਾਉ ਅਤੇ ਫਿਰ ਦੂਸਰੇ ਪਾਸੇ ਘੁਮਾ ਕੇ ਸੱਜੇ ਮੋਢੇ ਵੱਲ ਜਿੱਥੋਂ ਤੱਕ ਹੋ ਸਕੇ ਲੈ ਕੇ ਜਾਉ। ਇਸ ਨੂੰ 6–7 ਵਾਰ ਦੁਹਰਾਉ।



* ਖੱਬੇ ਕੰਨ ਨੂੰ ਖੱਬੇ ਮੋਢੇ ਤੱਕ ਜਿੱਥੋਂ ਤੱਕ ਹੋ ਸਕੇ ਲੈ ਕੇ ਜਾਉ ਅਤੇ ਫਿਰ ਸੱਜੇ ਕੰਨ ਨੂੰ ਸੱਜੇ ਮੋਢੇ ਤੱਕ ਜਿੱਥੋਂ ਤੱਕ ਹੋ ਸਕੇ ਲੈ ਕੇ ਜਾਉ। ਇਸ ਹਰਕਤ ਸਮੇਂ ਧਿਆਨ ਰਹੇ ਕਿ ਮੋਢਾ ਉੱਪਰ ਨੂੰ ਨਹੀਂ ਚੁੱਕਿਆ ਜਾਣਾ ਚਾਹੀਦਾ। ਇਹ ਹਰਕਤ ਵੀ 6-7 ਵਾਰ ਦੁਹਰਾਉ।

**ਗਰਦਨ ਦੀਆਂ ਮਾਸਪੇਸ਼ੀਆਂ ਦੀ ਮਜ਼ਬੂਤੀ ਵਧਾਉਣ ਲਈ ਕਸਰਤ** - ਇਹ ਕਸਰਤ ਸਿੱਧੇ ਖੜ੍ਹੇ ਹੋ ਕੇ ਜਾਂ ਕੁਰਸੀ 'ਤੇ ਬੈਠ ਕੇ ਵੀ ਕੀਤੀ ਜਾ ਸਕਦੀ ਹੈ। ਕਸਰਤ ਕਰਦੇ ਸਮੇਂ ਪਿੱਠ ਅਤੇ ਗਰਦਨ ਬਿਲਕੁਲ ਸਿੱਧੀ ਰੱਖੋ। ਮੋਢੇ ਪਿੱਛੇ ਅਤੇ ਤਣਾਅ ਰਹਿਤ ਰਹਿਣੇ ਚਾਹੀਦੇ ਹਨ। ਦਿਨ ਵਿਚ 2-3 ਵਾਰ ਕੀਤੀ ਇਹ ਕਸਰਤ ਗਰਦਨ ਦੀਆਂ ਮਾਸਪੇਸ਼ੀਆਂ ਦੀ ਮਜ਼ਬੂਤੀ ਵਧਾਉਣ ਵਿਚ ਬਹੁਤ ਸਹਾਈ ਹੁੰਦੀ ਹੈ।



1. ਸੱਜੇ ਹੱਥ ਨੂੰ ਸਿਰ ਦੇ ਸੱਜੇ ਪਾਸੇ ਰੱਖ ਕੇ ਹਲਕਾ ਦਬਾਉ ਪਾਉ। ਗਰਦਨ ਦੀ ਤਾਕਤ ਨਾਲ ਸਿਰ ਨੂੰ ਖੱਬੇ ਪਾਸੇ ਝੁਕਣ ਤੋਂ ਰੋਕੋ। 10 ਸਕਿੰਟ ਲਈ ਇਸ ਅਵਸਥਾ ਵਿਚ ਰਹੋ ਅਤੇ ਇਸ ਕਸਰਤ ਨੂੰ ਪੰਜ ਵਾਰ ਦੁਹਰਾਉ।

2. ਖੱਬੇ ਹੱਥ ਨੂੰ ਸਿਰ ਦੇ ਖੱਬੇ ਪਾਸੇ ਰੱਖ ਕੇ ਹਲਕਾ ਦਬਾਅ ਪਾਉ। ਗਰਦਨ ਦੀ ਤਾਕਤ ਨਾਲ ਸਿਰ ਨੂੰ ਸੱਜੇ ਪਾਸੇ ਝੁਕਣ ਤੋਂ ਰੋਕੋ। 10 ਸਕਿੰਟ ਲਈ ਇਸ ਅਵਸਥਾ ਵਿਚ ਰਹੋ ਅਤੇ ਇਸ ਕਸਰਤ ਨੂੰ ਪੰਜ ਵਾਰ ਦੁਹਰਾਉ।

3. ਦੋਵੇਂ ਹੱਤ ਜਾਂ ਇਕ ਹੱਥ ਮੱਥੇ ਠਤੇ ਰੱਖ ਕੇ ਹਲਕਾ ਦਬਾਉ ਪਾਉ। ਗਰਦਨ ਦੀ ਤਾਕਤ ਨਾਲ ਸਿਰ ਨੂੰ ਪਿੱਛੇ ਵੱਲ ਝੁਕਣ ਤੋਂ ਰੋਕੇ। 10 ਸਕਿੰਟ ਵਿਚ ਇਸ ਅਵਸਥਾ ਵਿਚ ਰਹੋ ਅਤੇ ਇਸ ਕਸਰਤ ਨੂੰ ਪੰਜ ਵਾਰ ਦੁਹਰਾਉ।

4. ਦੋਵੇਂ ਹੱਥ ਜਾਂ ਇਕ ਹੱਥ ਸਿਰ ਦੇ ਪਿੱਛੇ ਰੱਖ ਕੇ ਹਲਕਾ ਦਬਾਅ ਪਾਉ। ਗਰਦਨ ਦੀ ਤਾਕਤ ਨਾਲ ਸਿਰ ਨੂੰ ਅੱਗੇ ਵੱਲ ਝੁਕਣ ਤੋਂ ਰੋਕੋ। 10 ਸਕਿੰਟ ਲਈ ਇਸ ਅਵਸਥਾ ਵਿਚ ਰਹੋ ਅਤੇ ਇਸ ਕਸਰਤ ਨੂੰ ਪੰਜ ਵਾਰ ਦੁਹਰਾਉ।

* * * * *

**ਮਾਂ ਚਾਹੀਦੀ ਹੈ, ਭੈਣ ਚਾਹੀਦੀ ਹੈ, ਪਤਨੀ ਚਾਹੀਦੀ ਹੈ ਤੇ ਫਿਰ ਬੇਟੀ ਕਿਉਂ ਨਹੀਂ ਚਾਹੀਦੀ।**

# ਕਾਵਿ-ਕਿਆਰੀ

## ਕਵਿਤਾ ਅਕਵਿਤਾ/ ਰੌਣਕਾਂ ਦੇ ਰੰਗ

ਸੁਰਿੰਦਰ ਮਕਸੂਦਪੁਰੀ



ਸਾਂਝੇ ਘਰ-ਸਾਂਝੇ ਦਰ
ਸਾਂਝੇ ਚੌਂਕੇ-ਚੁੱਲ੍ਹੇ
ਸਾਂਝੇ ਮੇਲ-ਮਿਲਾਪੂ ਰਿਸ਼ਤੇ
ਸਾਂਝੇ ਸਨ ਅੰਨ-ਪਾਣੀ
ਸਾਂਝੇ ਵਿਹੜੇ/ਵਲਗਣਾਂ ਵਿਚ
ਲੁੱਡੀਆਂ-ਭੰਗੜੇ ਪਾਉਂਦਿਆਂ ਦੀ
ਆਵੇ ਯਾਦ ਪੁਰਾਣੀ

ਕਿੱਥੇ ਤੁਰ ਗਈ
ਕਿੱਥੇ ਰੁੜ੍ਹ ਗਈ
ਹੱਸਦੀ-ਵਸਦੀ ਘਰ ਦੀ ਰੌਣਕ
ਸਾਂਝੀ ਕਥਾ-ਕਹਾਣੀ

ਖ਼ੌਰੇ ਕਿਉਂ ਰੁੱਸੇ-ਰੁੱਠੇ
ਅੱਜ ਉਹ ਸਾਂਝੇ ਘਰ
ਖ਼ੌਰੇ ਕਿਉਂ
ਤੁਰ ਗਏ ਦੂਰ-ਦੁਰਾਡੇ
ਉਹ ਆਪਣੇ ਸਾਂਝੇ ਦਰ
ਖ਼ੌਰੇ ਕਿਉਂ
ਲਗਦਾ ਏ ਹੁਣ
ਆਪਣਿਆਂ ਨੂੰ ਹੀ
ਆਪਣੇ ਘਰਾਂ ਤੋਂ ਡਰ
ਖ਼ੌਰੇ ਕਿਉਂ
ਹਾਲੋਂ-ਬੇਹਾਲ ਹੋਈਆਂ
ਰੰਗੋਂ-ਬਦਰੰਗ ਹੋਈਆਂ
ਗੁੰਮੀਆਂ-ਗੁਆਚੀਆਂ
ਹੱਸਦੀਆਂ-ਖੇਡਦੀਆਂ
ਹੁਸੀਨ-ਰੰਗੀਨ ਰੌਣਕਾਂ


ਖ਼ੌਰੇ ਕਿਉਂ
ਅੱਜ ਸੰਤਾਪੀਆਂ-ਸਰਾਪੀਆਂ
ਗ਼ਮਗੀਨੀਆਂ-ਉਦਾਸੀਆਂ
ਰੋਂਦੀਆਂ-ਕੁਰਲਾਉਂਦੀਆਂ
ਆਤਮ-ਕਥਾ ਸੁਣਾਉਂਦੀਆਂ
ਜਾ ਕੇ ਬਿਰਧ-ਘਰਾਂ ਦੇ ਦਰ
ਬੁਢਾਪੇ ਦੀ ਡੰਗੋਰੀ ਫੜਦਿਆਂ
ਗੁੰਮ ਗਈਆਂ-ਗੁਜ਼ਰ ਗਈਆਂ
ਰੌਣਕਾਂ ਦੇ ਰੰਗ ਚੇਤੇ ਕਰਦਿਆਂ !

-234, ਸੁਦਰਸ਼ਨ ਪਾਰਕ,
ਮਕਸੂਦਾਂ, ਜਲੰਧਰ-144021,
ਮੋ. 99887-10234

*****

## ਕਵਿਤਾ/ ਸੋਧਣ ਕਮੇਟੀ ਆ ਰਹੀ ਹੈ

ਰਤਨ ਟਾਹਲਵੀ



ਅੱਜ ਹੀ ਅੰਮ੍ਰਿਤ ਵੇਲੇ ਦੇ ਬੀਤਦਿਆਂ ਹੀ
ਗੁਰੂ ਦਰਬਾਰ 'ਚ
ਆਈ ਏ ਖ਼ਬਰ।
ਸੋਧਣ ਕਮੇਟੀ ਆ ਰਹੀ ਏ
'ਰਹਿਤਦਾਨ' ਅਤੇ 'ਬਿਬੇਕਦਾਨ'
ਆਪਣੇ ਗੁਰੂ ਦੇ ਆਸ਼ਕਾਂ
ਅਤੇ ਗੁਰੂ ਘਰ ਦੇ ਸੇਵਕਾਂ ਨੂੰ
ਬਖ਼ਸ਼ਿਸ਼ ਕਰਨ ਲਈ।

ਹੈਂ !
ਰਹਿਤਦਾਨ, ਬਿਬੇਕਦਾਨ, ਬਖ਼ਸ਼ਿਸ਼ ਕਰਨ ਵਾਲਿਆਂ ਦੇ
ਨਾਂ ਤੋਂ
ਦਰਬਾਰ 'ਚ ਘੁਸਰ-ਮੁਸਰ ਕਿਉਂ ਦੌੜ ਗਈ?
ਕਿਉਂ ਖ਼ੁਸ਼ੀ ਦੀ ਲਹਿਰ ਕਿਧਰੇ
ਉਡਣ ਪੰਖੇਰੂ ਹੋ ਗਈ।
ਗੱਲ ਅਫਵਾਹ ਨਹੀਂ, ਸੱਚੀ ਸਾਬਿਤ ਹੋ ਰਹੀ ਏ।
ਸ਼ਸਤਰਧਾਰੀ ਹੋ ਕੇ ਸੋਧਣ ਦਲੀਏ
ਆ ਗਏ ਨੇ ਇਨਸਾਨਾਂ ਦੇ ਦਰ ਘਰ ਵਿਚ।
ਪਰ ਹੈਂ !
ਇਹ ਕੁਹਰਾਮ, ਹਾਹਾਕਾਰ, ਬਚਾਓ ਬਚਾਓ,
ਕੋਈ ਆਸਥਾ ਬਚਾਓ ਦੇ ਸ਼ੋਰ ਵਿਚ
ਇਹ ਹੁੜਦੰਗ ਕੈਸਾ ਮਚ ਰਿਹਾ ਹੈ।
ਪਰ ਕਿਸੇ ਦਾ ਸਿਰ 'ਤੇ ਕਿਸੇ ਦੇ ਜਿਗਰ ਦੇ ਟੁਕੜੇ
ਤਾਂ ਹੋ ਹੀ ਰਹੇ ਨੇ ਫਾੜੀ ਫਾੜੀ।
ਨਾਲ ਤਰਲਾ, ਤਰਸ ਤਾਂ ਕਦੋਂ ਦੇ
ਇਨ੍ਹਾਂ ਦੇ ਜ਼ਿਹਨੀ ਗ੍ਰੰਥ 'ਚੋਂ ਹੋ ਗਏ ਨੇ ਚੋਰੀ।
ਤੇ
ਇਸੇ ਚੋਰੀ ਦੀ ਸਜ਼ਾ
ਬਾਬੇ ਬੋਹੜਾਂ ਨੂੰ ਦਿੰਦੇ ਹੋਏ
ਪਿਰ ਪਿਰਹੜੀ ਨੂੰ
ਮਧੋਲ ਰਹੇ ਨੇ ਪੈਰਾਂ 'ਚ
ਇਹ ਨਵੇਂ ਨਵੇਂ ਬਣੇ ਬਿਬੇਕਦਾਨੀ


ਆਪਣੇ ਬਣਾਏ ਪੰਥ ਦੀ ਸਲਾਮਤੀ ਵਾਸਤੇ।

ਪਰ ਸ਼ਰੇਆਮ
ਬਿਬੇਕ ਮਰ ਰਹੇ 'ਤੇ
ਇਨਸਾਨੀਅਤ ਹੋ ਰਹੀ ਏ ਸ਼ਰਮਸ਼ਾਰ
ਕੋਈ ਨਹੀਂ ਪੁੱਛਦਾ
ਕਿ ਕਿਵੇਂ ਆਏ ਇਹ ਵਿਚ ਦਰਬਾਰ
ਇਹ ਖਾਹ ਮਖਾਹ।

● ● ●

## ਸਿੱਖ ਸ਼ਖ਼ਸ਼ੀਅਤ

# ਸਿਰਮੌਰ ਸ਼ਖ਼ਸੀਅਤ ਭਾਈ ਕਾਹਨ ਸਿੰਘ ਨਾਭਾ



**ਭਾਈ ਕਾਹਨ ਸਿੰਘ ਨਾਭਾ** (1861-1938) - ਭਾਈ ਕਾਹਨ ਸਿੰਘ ਸਿੱਖ ਧਰਮ ਦੇ ਇਕ ਮਹਾਨ ਵਿਦਵਾਨ, ਉਚਕੋਟੀ ਦੇ ਪ੍ਰਤਿਭਾਸ਼ੀਲ ਵਿਅਕਤੀ, ਕੋਸ਼ਕਾਰ ਅਤੇ ਵਿਸ਼ਵ-ਕੋਸ਼ਕਾਰ ਸਨ। ਉਨ੍ਹਾਂ ਨੇ ਕੋਈ ਰਸਮੀ ਵਿਦਿਆ ਪ੍ਰਾਪਤੀ ਨਹੀਂ ਕੀਤੀ ਪਰੰਤੂ ਗਿਆਨ ਦੇ ਬਹੁਤ ਸਾਰੇ ਖੇਤਰਾਂ ਦਾ ਅਧਿਐਨ ਕੀਤਾ। ਦਸ ਸਾਲ ਦੀ ਉਮਰ ਵਿਚ ਹੀ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਦੀਆਂ ਤੁਕਾਂ ਦਾ ਬਿਨਾਂ ਰੋਕ ਟੋਕ ਦੇ ਹਵਾਲੇ ਦੇ ਸਕਦੇ ਸਨ। ਉਨ੍ਹਾਂ ਨੇ ਧਰਮ, ਵਿਆਕਰਣ, ਨਿਆਏ ਅਤੇ ਵੇਦਾਂਤਾ ਆਦਿ ਦਾ ਅਧਿਐਨ ਕੀਤਾ ਅਤੇ ਫ਼ਾਰਸੀ ਦੀ ਸਿਖਿਆ ਗਿਆਨੀ ਸੰਤ ਸਿੰਘ ਕੋਲੋਂ ਪ੍ਰਾਪਤ ਕੀਤੀ ਜਦ ਕਿ ਭਾਈ ਭੂਪ ਨੇ ਉਨ੍ਹਾਂ ਨੂੰ ਪੰਜਾਬੀ ਅਤੇ ਸਿੱਖ ਗ੍ਰੰਥਾਂ ਬਾਰੇ ਜਾਣਕਾਰੀ ਦਿੱਤੀ। ਕਾਵਿ ਸ਼ਾਸਤਰ ਦਾ ਅਧਿਐਨ ਉਨ੍ਹਾਂ ਨੇ ਗਵਾਲ ਪਾਸੋਂ ਕੀਤਾ ਅਤੇ ਸੰਗੀਤ ਦਾ ਅਭਿਆਸ ਸੰਤ ਗੱਜਾ ਸਿੰਘ ਜੀ ਪਾਸੋਂ ਕੀਤਾ। ਇਹ ਭਾਰਤ ਦੇ ਚੋਣਵੇਂ ਤਾਊਸ ਦੇ ਮਾਹਿਰ ਹੋਏ ਹਨ। ਉਨ੍ਹਾਂ ਨੇ ਸੰਸਕ੍ਰਿਤ ਅਤੇ ਅੰਗਰੇਜ਼ੀ ਦਾ ਲੋੜੀਂਦਾ ਗਿਆਨ ਵੀ ਪ੍ਰਾਪਤ ਕੀਤਾ।

ਭਾਈ ਕਾਹਨ ਸਿੰਘ ਨੇ ਧਰਮ-ਸ਼ਾਸ਼ਤਰ 'ਤੇ ਕਿਤਾਬਾਂ ਲਿਖੀਆਂ ਜਿਹਦੇ ਵਿਚ 'ਗੁਰਮਤ ਪਰਭਾਕਰ' ਅਤੇ 'ਗੁਰਮਤ ਸੁਧਾਕਰ' ਸ਼ਾਮਲ ਹਨ। ਪਰੰਤੂ ਭਾਈ ਕਾਹਨ ਸਿੰਘ ਦੀ ਮਹਾਨ ਦੇਣ 3338 ਸਫ਼ਿਆਂ ਵਾਲਾ ਚਾਰ ਜਿਲਦਾਂ ਵਿਚ 'ਮਹਾਨ ਕੋਸ਼' ਸੀ ਜਿਹੜਾ ਹੁਣ ਤੱਕ ਸਿੱਖ ਧਰਮ ਅਤੇ ਪੰਜਾਬੀ ਸਭਿਆਚਾਰ ਦਾ ਇਕ ਨਿਰਣਾਇਕ ਗ੍ਰੰਥ ਮੰਨਿਆ ਜਾਂਦਾ ਹੈ। ਇਹ ਸਿੱਖ ਸਾਹਿਤ ਦਾ ਇਕ ਵਿਸ਼ਵ-ਕੋਸ਼ ਹੋਣ ਦੇ ਨਾਲ ਇਕ ਵਧੀਆ ਸ਼ਬਦਕੋਸ਼ ਵੀ ਹੈ ਜਿਸ 'ਤੇ ਭਾਈ ਸਾਹਿਬ ਨੇ ਪੰਦਰਾਂ ਸਾਲ ਦੀ ਖੂਬ ਘਾਲਣਾ ਕੀਤੀ।

ਨਾਭਾ ਦੇ ਮਹਾਰਾਜਾ ਹੀਰਾ ਸਿੰਘ ਨੇ ਭਾਈ ਕਾਹਨ ਸਿੰਘ ਦੀ ਪ੍ਰਤਿਭਾ ਤੋਂ ਬਹੁਤ ਪ੍ਰਭਾਵਿਤ ਹੋ ਕੇ ਉਨ੍ਹਾਂ ਨੂੰ ਆਪਣੀ ਰਿਆਸਤ ਵਿਚ ਨੌਕਰੀ ਦੇ ਕੇ ਸਨਮਾਨਿਤ ਕੀਤਾ। ਭਾਈ ਕਾਹਨ ਸਿੰਘ ਨੇ ਨਾਭਾ ਰਾਜ ਵਿਚ ਜੱਜ ਤੇ ਵਜ਼ੀਰ ਦੀਆਂ ਸੇਵਾਵਾਂ ਵੀ ਨਿਭਾਈਆਂ।

ਭਾਈ ਕਾਹਨ ਸਿੰਘ ਦਾ ਸਿੱਖ ਧਰਮ ਅਤੇ ਇਤਿਹਾਸ ਦਾ ਗਿਆਨ ਹੈਰਾਨੀਜਨਕ ਸੀ। ਉਹ ਆਪਣੇ ਪਿੱਛੇ ਇਕ ਗਿਆਨ ਦਾ ਭੰਡਾਰ ਛੱਡ ਗਏ ਜਿਹੜਾ ਕਿ ਸਿੱਖ ਇਤਿਹਾਸ ਅਤੇ ਧਰਮ-ਸ਼ਾਸਤਰ ਦੇ ਵਿਦਿਆਰਥੀਆਂ ਲਈ ਇਕ ਮਾਰਗ ਦਰਸ਼ਕ ਦਾ ਕੰਮ ਦੇਂਦਾ ਹੈ।

# भाई कन्हैया जी



एक दिन पंजाब के एक गाँव में एक धनी परिवार में कन्हैया नाम के एक लड़के का जन्म हुआ। जैसे-जैसे वह बड़ा हुआ, कन्हैया हमेशा नई-नई चीज़ें खोजता और सीखता रहता था। उन्होंने कई अलग-अलग पवित्र पुरुषों से जीवन और ईश्वर के बारे में सीखा। उन्हें आध्यात्मिक मार्ग बहुत पसंद था और इसलिए उन्होंने अपने जीवन में अपने परिवार की संपत्ति से अलग रास्ता चुना। वह एक गहन आध्यात्मिक युवक बन गया जिसे दिव्य कविता सुनना पसंद था। वह बड़े होकर भाई घनेया के नाम से जाने गए।

भाई कन्हैया अपनी आध्यात्मिक यात्रा पर तब तक रुके रहे जब तक कि वे गुरु तेग बहादुर जी से नहीं मिले और अपने उच्चतम बिंदु पर नहीं पहुंच गए। उसकी सारी खोज इसी में जुड़ गई थी। भाई कन्हैया गुरु से इतने प्रेरित हुए कि उन्होंने उनकी सेवा करना शुरू कर दिया और एक बहुत ही समर्पित सिख बन गए। गुरु के सान्निध्य में रहने और उनसे सीखने से भाई कन्हैया को इतना सुंदर संपूर्ण अनुभव हुआ कि उन्हें किसी और चीज़ की आवश्यकता ही नहीं पड़ी।

गुरु से मिलना स्कूल के लंबे सप्ताह के बाद आखिरकार अपने सबसे अच्छे दोस्त से मिलने जैसा है। भाई गनेया के लिए, गुरु की उपस्थिति उनके मन के लिए इतनी सुखद थी कि इससे उनकी आत्मा में बहुत खुशी हुई। इसने उसके दिल को इतना मजबूत कर दिया कि वह हमेशा बड़ा और खूबसूरत हो गया। भाई कन्हैया ने सिख बनने का फैसला किया और गुरु के मिशन को अपनाया। छात्र और गुरु एक ही हो गए, और साथ में पृथ्वी पर भगवान की उपस्थिति को बढ़ाया।

अपने खुले दिल और सभी के प्रति प्रेम के साथ, भाई कन्हैया जी ने अपना सारा जीवन और समय लंगर की सेवा में समर्पित करना शुरू कर दिया। उन्होंने हर किसी की सेवा की।

जैसे-जैसे उनका कार्य स्वर्ग को धरती पर ले आया, उनका जीवन अधिकाधिक ईश्वर और गुरु के साथ विलीन होने लगा। भाई कन्हैया ने एक आध्यात्मिक केंद्र भी खोला ताकि वह सभी लोगों की सेवा कर सकें।

भाई कन्हैय्या जी ने अपने जीवन के कई वर्षों तक केवल सेवा करते हुए कड़ी मेहनत की, यहाँ तक कि जब तक गुरु गोबिंद सिंह जी गुरु थे, तब तक उन्होंने कड़ी मेहनत की। उस समय पंजाब की भूमि पर आक्रमण हो रहा था और गुरु गोबिंद सिंह जी को एक बड़ी लड़ाई में आनंदपुर साहिब की रक्षा करनी थी। दुश्मनों ने आनंदपुर साहिब पर हमला किया और शहर की आपूर्ति काट दी। जल्द ही पानी और भोजन ढूंढना बहुत मुश्किल हो गया और युद्ध में कई लोग कमज़ोर हो गए और घायल हो गए। भाई कन्हैया ने युद्ध के मैदान में सभी घायल लोगों को देखा और अपने प्यार से सीधे युद्ध के



मैदान में चले गए और सभी को पानी देना शुरू कर दिया। चमड़े के पानी के बर्तन से उनके सूखे गले की सेवा करते हुए उन्होंने दोनों सेनाओं के घायल लोगों को समान रूप से पानी दिया, यहां तक कि दुश्मन को भी!

अब भले ही यह सामान्य नहीं था, गुरु के अधिकांश खालसा को समझ में आया कि भाई कन्हैया ने दुश्मन सैनिकों की भी सेवा क्यों की। उन्होंने सोचा, 'गुरु शुद्ध प्रेम हैं और हम सभी गुरु का हिस्सा हैं। हमें अपने भाई कन्हैया पर बहुत गर्व है कि वह कैसा अभिनय कर रहा है। यह सब भगवान का खेल है। गुरु के आशीर्वाद से, हम भी अपने तरीके से इसी प्रकार की निपुणता के साथ कार्य करेंगे।'

लेकिन कुछ लोगों को यह समझ में नहीं आया। उन्होंने शिकायत करते हुए कहा, 'मुझे यकीन है कि यह बहुत अच्छा है कि वह लोगों की सेवा करता है लेकिन हमारे पास अपने लिए पर्याप्त पानी नहीं है! इसका कोई मतलब नहीं है कि वह हमारा पानी दुश्मन को दे रहा है। साथ ही, वह उनमें से कुछ को ठीक भी कर रहा है। तो क्या होता है जब दुश्मन ठीक हो जाता है और हमसे लड़ने के लिए वापस आ जाता है! हमें गुरु को इसके बारे में बताना चाहिए!'

इसलिए वे इसके बारे में कुछ करने के लिए गुरु गोबिंद सिंह के पास गए। जब उन्होंने गुरु को बताया तो उन्होंने बस इतना कहा, 'कन्हैया को मेरी उपस्थिति में लाओ।' तो भाई कन्हैया को तुरंत उनके पास लाया गया। जब गुरु जी ने अपने प्रिय सिख की पवित्रता और भक्ति देखी, जिसने उनकी और उनके पिता की इतने प्रेम से सेवा की थी, तो उन्होंने पूछा, 'क्या मैंने जो सुना है वह सच है? क्या तुम दुश्मन को पानी दे रहे हो?' भाई कन्हैया जी ने उत्तर दिया, 'हे मेरे प्रिय गुरु जी, हाँ यह सच है। जब मैं इन सभी घायल लोगों के चेहरों को देखता हूँ, तो मुझे केवल आप ही दिखाई देते हैं।'

गुरु गोबिंद सिंह उनकी बात सुनकर बहुत खुश हुए और मुस्कुराते हुए बोले, 'आप सही हैं और आपने आज मुझे दिखाया है कि आप वास्तव में गुरु के शब्दों को समझते हैं और उन्हें जीते हैं।' गुरु जी ने तब अपने सभी खालसों को घोषणा की 'भाई कन्हैया ने शिक्षाओं को सही ढंग से समझा है। मेरे प्यारे सिखों, आप इस तरह सीखने की पूरी कोशिश करें। गुरबानी जो सबक सिखाती है वह अमूल्य है।'

तब गुरु जी ने भाई कन्हैया को कुछ जड़ी-बूटियाँ दीं और उनसे कहा, 'अब से, इसे उन सभी के घावों पर लगाना, जिन्हें इसकी आवश्यकता है।' और भाई कन्हैया ने युद्ध के मैदान में सभी घायलों की प्रेमपूर्वक सेवा करने के लिए इस मरहम का उपयोग करना शुरू कर दिया।

गुरु गोबिंद सिंह जी ने फिर से पूरे समुदाय से बात की और उनसे कहा, 'साध संगत जी, भाई कन्हैया एक पवित्र आत्मा हैं, जो भगवान को प्रिय हैं। उन्होंने इस बात की परवाह किए बिना कि वे कौन हैं या कहां हैं, सभी की सेवा की है।' से आते हैं। उन्होंने सहजता और दैवीय कृपा की एक उत्कृष्ट आध्यात्मिक स्थिति प्राप्त कर ली है। वह सेवा के अपने मिशन को जारी रखेंगे। आने वाले वर्षों में कई और लोग उनके उदाहरण का अनुसरण करेंगे और मानवता की सेवा की परंपरा को जीवित रखेंगे।

गुरुओं की शिक्षाओं के बारे में अलग-अलग लोगों की अलग-अलग समझ थी। और इसलिए जब गुरु जी ने यह कहा तो संगत को यह समझ में आने लगा कि भाई कन्हैया ने सत्य पर अमल किया है और जीया है, जो उनमें से कई ने केवल शब्दों और ध्यान में सीखा था। उन्होंने सबसे चुनौतीपूर्ण समय में और इतने भयानक युद्ध के दौरान दूसरों में दिव्यता देखी। और उन्हें एहसास हुआ कि वह धन्य है।

हम सभी दूसरों में ईश्वर को देखने की स्थिति प्राप्त करें। हम सभी इस सत्य को जिएं और जहां भी जाएं और जो कुछ भी करें, भाई कन्हैया जी की तरह अपने कार्यों में इसका अभ्यास करें।



# MATRIMONIAL



STATE/CENTRE GOVT. EMPLOYEE MATCH FOR SIKH LOBANA GIRL, B. A. L. L. B, APRIL – 1997, 5'-5", WORKING LEGAL ASSISTANT, PUNJAB GOVT. AT CHANDIGARH. CONTACT – 98139-24411

* * * * *

SEEKING MATCH FOR 06 OCT 1992 BORN, 5'10", SIKH BOY, EDUCATION – M. TECH (MARINE ENGINEERING) & B. TECH (MECHANICAL ENGINEERING), WORKING AS SENIOR DESIGNE ENGINEER (MOHALI), FAMILY – FATHER PUNJAB GOVT. JOB (RETD.), ONE ELDER SISTER (MARRIED), HOMETOWN JALANDHAR, CURRENT RESIDENCE AT MOHALI. CASTE NO BAR. CONTACT – 99151-16500

* * * * *

LUBANA SIKH BOY ....DEC'92, 5.11 FT BE MBA SR. MANAGER IN GURUGRAM BASED CO @ DELHI NCR REQUIRED..MCA B.TECH, M.TECH, MBA... QUALIFIED GIRL, CASTE NO BAR. CONT .. 9417145424..... 8360907886

* * * * *

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

# ਅਗਸਤ ਮਹੀਨੇ ਦਾਨੀ ਸੱਜਨਾਂ ਵੱਲੋਂ ਦਿੱਤੇ ਦਾਨ ਦੀ ਸੂਚੀ

| ਲੜੀ ਨੰ: | ਨਾਮ ਤੇ ਪਤਾ | ਰਸੀਦ ਨੰ. | ਰਾਸ਼ੀ ਰੁਪਏ | ਮਿਤੀ |
|---|---|---|---|---|
| 1. | ਸ: ਰਵਿੰਦਰ ਸਿੰਘ<br>ਮ. ਨੰ: 2092, ਸੈਕਟਰ 45 ਸੀ, ਚੰਡੀਗੜ੍ਹ। | 328 | 200/- | 16.08.2024 |
| 2. | ਸ: ਨਿਰਮਲ ਸਿੰਘ, ਮੈਂਟੀ. ਸਕੱਤਰ<br>ਮ. ਨੰ: 2654, ਫ਼ੇਸ-10, ਮੋਹਾਲੀ। | 329 | 200/- | 16.08.2024 |
| 3. | ਲੈਕਚਰਾਰ ਗੁਲਸ਼ਨ ਕੁਮਾਰ ਸਿੰਘ (ਰਿਟਾ.)<br>ਸੀਨੀਅਰ ਵਾਇਸ ਪ੍ਰਧਾਨ (ਹੈ.ਕੁ.), ਮ. ਨੰ: 3405, ਸੈਕਟਰ-40ਡੀ, ਚੰਡੀਗੜ੍ਹ। | 330 | 200/- | 16.08.2024 |
| 4. | ਪੰਡਿਤ ਰਾਮ ਕੁਮਾਰ<br>ਬ.ਮ.ਸ.ਲ. ਫ਼ਾਊਂਡੇਸ਼ਨ. ਚੰਡੀਗੜ੍ਹ। | 331 | 500/- | 16.08.2024 |
| 5. | ਸੂਬੇਦਾਰ ਮੇਜਰ ਜਸਪਾਲ ਸਿੰਘ (ਰਿਟਾ.)<br>ਮੈਂਟੀ. ਸਕੱਤਰ, ਮ. ਨੰ: 18, ਏ.ਕੇ.ਐਸ. ਕਲੋਨੀ, ਜ਼ੀਰਕਪੁਰ। | 332 | 100/- | 16.08.2024 |
| 6. | ਬੀਬੀ ਨਰਿੰਦਰ ਕੌਰ<br>ਮ. ਨੰ: 2020, ਸੈਕਟਰ 37, ਚੰਡੀਗੜ੍ਹ। | 333 | 200/- | 16.08.2024 |
| 7. | ਸ: ਜਗਬੀਰ ਸਿੰਘ<br>ਮ. ਨੰ: 183, ਵੈਸਟਰਨ ਹੋਮਜ਼, ਸੈਕਟਰ 125, ਖਰੜ। | 334 | 200/- | 16.08.2024 |
| 8. | ਸ: ਅਮਰਜੀਤ ਸਿੰਘ<br>ਮ. ਨੰ: 42, ਸੈਕਟਰ 16-ਏ, ਚੰਡੀਗੜ੍ਹ। | 335 | 500/- | 16.08.2024 |
| 9. | ਸ: ਜਗੀਰ ਸਿੰਘ<br>ਮ. ਨੰ: 2258, 2-ਫ਼ਲੋਰ, ਚੰਡੀਗੜ੍ਹ। | 336 | 200/- | 16.08.2024 |
| 10. | ਕਰਨਲ ਗੁਰਦੀਪ ਸਿੰਘ (ਰਿਟਾ.)<br>ਵੀ.ਪੀ.(ਹੈ.ਕੁ.), ਮ. ਨੰ: 62, ਸੈਕਟਰ-71, ਐਸ.ਏ.ਐਸ. ਨਗਰ, ਮੋਹਾਲੀ। | 337 | 500/- | 16.08.2024 |
| 11. | ਗੁਪਤਦਾਨ | 338 | 1100/- | 21.08.2024 |
| 12. | ਗੁਪਤਦਾਨ | 339 | 500/- | 21.08.2024 |

## ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030, ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

# Lobana Bhawan

Baba Makhan Shah Lobana Foundation (Regd.),
Sector 30-A, Chandigarh

***Facilities Available for All Types of Functions at reasonable rates***

| | |
|---|---|
| *Double Bed A.C Rooms* | *Dormitory A.C Rooms Four Single Bed* |
| *Main Hall, A.C Capacity 400 Persons* | *Mini Hall, A.C Capacity 150-200 Persons* |
| *Main Auditorium, A.C Capacity 450 Persons* | *Mini Auditorium, A.C Capacity 150 Persons* |
| *Basement Hall 350-400 Persons* | *Conference Hall, A.C Capacity 25 Persons* |

**24x7 Catering Service Available**

For Booking Contact :-
98768-11137, 73470-65188

# ਸ਼ਰਧਾਂਜ਼ਲੀ



ਸਤਿਕਾਰਯੋਗ ਡਾ. ਜੀ.ਬੀ. ਸਿੰਘ ਜੀ ਮਿਤੀ 22.08.2024 ਨੂੰ ਸਾਨੂੰ ਸਾਰਿਆ ਨੂੰ ਸਦੀਵੀਂ ਵਿਛੋੜਾ ਦੇ ਗਏ ਹਨ ਅਤੇ ਪਰਮਪਿਤਾ ਪ੍ਰਮਾਤਮਾ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ।

ਡਾ. ਜੀ.ਬੀ. ਸਿੰਘ ਸਾਡੀ ਕੌਮ ਦੀ ਇੱਕ ਬਹੁਤ ਮਹਾਨ ਸਖਸ਼ੀਅਤ ਸਨ ਅਤੇ ਉਹਨਾਂ ਨੇ ਐਜੂਕੇਸ਼ਨ ਦੀ ਫੀਲਡ ਵਿੱਚ ਦੇਸ਼ ਅਤੇ ਕੌਮ ਨੂੰ ਉੱਚਾ ਚੁੱਕਣ ਲਈ ਬਹੁਤ ਹੀ ਵੱਡਾ ਯੋਗਦਾਨ ਪਾਇਆ। ਉਹ ਇੱਕ ਉੱਚਕੋਟੀ ਦੇ ਇਨਸਾਨ ਸਨ ਅਤੇ ਇੱਕ ਬਹੁਤ ਚੰਗੇ ਸੁਭਾਅ ਦੇ ਮਾਲਕ ਸਨ।

ਉਹਨਾਂ ਨੇ ਪੀ.ਐਚ.ਡੀ. ਦੀ ਡਿਗਰੀ **Edinburgh University, UK** ਤੋਂ ਹਾਸਲ ਕੀਤੀ ਅਤੇ **Punjabi University, Patiala** ਦੇ **Geography** ਦੇ **Head of Department** ਬਣੇ। ਆਪ **Association of Geographers** ਦੇ ਸੰਸਥਾਪਕ ਬਣੇ ਅਤੇ ਇਸ ਸਮੇਂ ਇਸ **Association** ਦੇ ਨਾਲ 650 ਤੋਂ ਵੀ ਜ਼ਿਆਦਾ **Eminent Member** ਜੁੜੇ ਹੋਏ ਹਨ। ਆਪ **Punjabi University, Patiala** ਦੇ **Geography** ਵਿਭਾਗ ਨੂੰ ਸਥਾਪਤ ਕਰਨ ਵਾਲੇ ਪ੍ਰੋਫ਼ੈਸਰ ਵੀ ਸਨ। ਆਪ ਬਹੁਤ ਚੰਗੇ ਲੇਖਕ ਵੀ ਸਨ ਅਤੇ ਭੂਗੋਲ ਦੀਆਂ 8 ਕਿਤਾਬਾਂ ਲਿਖ ਚੁੱਕੇ ਸਨ। ਉਹ ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ.). ਚੰਡੀਗੜ੍ਹ ਦੇ ਲੰਬੇ ਸਮੇਂ ਤੱਕ ਮੈਂਬਰ ਰਹੇ ਅਤੇ ਸਮੇਂ-ਸਮੇਂ ਤੇ ਆਪਣੀਆਂ ਐਕਟਿਵ ਸੇਵਾਵਾਂ ਦਿੰਦੇ ਰਹੇ।

ਉਹ 2017 ਵਿਚ ਬ.ਮ.ਸ.ਲ.ਫ਼. (ਰਜਿ.), ਚੰਡੀਗੜ੍ਹ ਦੇ ਚੋਣ ਕਮੇਟੀ ਦੇ ਚੇਅਰਪਰਸਨ ਬਣੇ ਅਤੇ ਪ੍ਰਧਾਨਗੀ ਦੀਆਂ ਚੋਣਾਂ ਬਹੁਤ ਕਾਮਯਾਬ ਤਰੀਕੇ ਨਾਲ ਕਰਾਈਆਂ। ਉਹਨਾਂ ਦੀ ਮਹਾਨ ਸੇਵਾਵਾਂ ਨੂੰ ਆਉਣ ਵਾਲੀਆਂ ਪੀੜ੍ਹੀਆਂ ਹਮੇਸ਼ਾ ਯਾਦ ਕਰਨਗੀਆਂ।

ਬ.ਮ.ਸ.ਲ.ਫ਼. (ਰਜਿ.), ਚੰਡੀਗੜ੍ਹ ਦੇ ਪ੍ਰਧਾਨ ਅਤੇ ਸਮੂਹ ਮੈਨੇਜਮੈਂਟ ਕਮੇਟੀ ਸ. ਜੀ.ਬੀ. ਸਿੰਘ ਨੂੰ ਸ਼ਰਧਾਂਜ਼ਲੀ ਭੇਂਟ ਕਰਦੇ ਹੋਏ ਪ੍ਰਮਾਤਮਾ ਅੱਗੇ ਜੋਦੜੀ ਕਰਦੀ ਹੈ ਕਿ ਵਿਛੜੀ ਹੋਈ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਪਿੱਛੇ ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਇਸ ਵਿਛੋੜੇ ਨੂੰ ਸਹਿਣ ਦਾ ਬਲ ਬਖਸ਼ਣ।

ਪ੍ਰਧਾਨ

ਬ.ਮ.ਸ.ਲ.ਫ਼. (ਰਜਿ.), ਚੰਡੀਗੜ੍ਹ

Postal No. - Jallandhar Vide No. L-4/PB/JL-0196/2024-2026

## ਮਿਤੀ 16-08-2024 ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵਿਖੇ ਭਾਦੋਂ ਮਹੀਨੇ ਦੀ ਸੰਗਰਾਂਦ ਦਾ ਦਿਹਾੜਾ ਸ਼ਰਧਾਪੂਰਵਕ ਮਨਾਇਆ ਗਿਆ









ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦਾ ਖੂਬਸੂਰਤ ਦ੍ਰਿਸ਼